# ਘਰ ਘਰ ਤੇ ਘਰ



ਅਰਤਿੰਦਰ ਸੰਧੂ

# ਘਰ ਘਰ ਤੇ ਘਰ

ਕਵਿਤਾਵਾਂ

## *ਇਸ ਪੁਸਤਕ ਤੋਂ ਪਹਿਲਾਂ*

- ਸਿਜਦੇ ਜੁਗਨੂੰਆਂ ਨੂੰ (**ਕਵਿਤਾ**)
- ਸਪੰਦਨ (**ਕਵਿਤਾ**)
- ਇਕ ਟੋਟਾ ਵਰੇਸ (**ਕਵਿਤਾ**)
- ਏਕਮ ਦੀ ਫਾਂਕ (**ਕਵਿਤਾ**)
- ਕਿਣ ਮਿਣ ਅੱਖਰ (**ਕਵਿਤਾ**)
- ਸ਼ੀਸ਼ੇ ਦੀ ਜੂਨ (**ਕਵਿਤਾ**)
- ਕਿਥੋਂ ਆਉਂਦੀ ਕਵਿਤਾ (**ਕਵਿਤਾ**)
- ਕਦੇ ਕਦਾਈਂ (**ਕਵਿਤਾ**)
- ਮਨ ਦਾ ਪੰਛੀ (**ਅਨੁਵਾਦ, ਐੱਨ.ਬੀ.ਟੀ., ਨਵੀਂ ਦਿੱਲੀ**)
- ਘਰ ਘਰ (**ਕਵਿਤਾ**)
- ਕਵਿਤਾ ਕੀ ਦਸਤਕ (**ਹਿੰਦੀ ਅਨੁਵਾਦ, ਅਮੀਆ ਕੁੰਵਰ**)
- ਆਪਣੇ ਤੋਂ ਆਪਣੇ ਤਕ (**ਕਵਿਤਾ**)
- ਕਦੇ ਤਾਂ ਮਿਲ ਜ਼ਿੰਦਗੀ (**ਕਵਿਤਾ**)
- ਖੰਭੜੀਆਂ (**ਹਿੰਦੀ ਕਵਿਤਾਵਾਂ ਦਾ ਪੰਜਾਬੀ ਅਨੁਵਾਦ**)
- ਵਿਚਲਾ ਮੌਸਮ (**ਕਵਿਤਾ**)

# ਘਰ ਘਰ ਤੇ ਘਰ

ਅਰਤਿੰਦਰ ਸੰਧੂ

# GHAR GHAR TE GHAR (Poetry)

*by*

**Artinder Sandhu**
**404, Tilak Nagar, Amritsar**
**Mobile : 98153 02081**
**E-mail : sandhuartinder@yahoo.com**

ਬ੍ਰਹਿਮੰਡ
ਤੋਂ
ਧਰਤੀ...
ਤੇ
ਧਰਤੀ
ਤੋਂ...
ਮਨ ਵਿਚ
ਉਤਰ ਆਏ
ਘਰ ਨੂੰ...

# ਭੂਮਿਕਾ

ਅਰਤਿੰਦਰ ਸੰਧੂ ਦੀਆਂ ਨਜ਼ਮਾਂ ਪਿਛਲੇ ਕੁਝ ਅਰਸੇ ਤੋਂ ਪਾਠਕਾਂ ਅਤੇ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੀਆਂ ਹਨ। ਮੈਂ ਖ਼ੁਦ ਅਰਤਿੰਦਰ ਦੀਆਂ ਨਜ਼ਮਾਂ ਦਾ ਕਾਇਲ ਉਦੋਂ ਵੀ ਰਿਹਾ ਹਾਂ ਜਦੋਂ ਮੈਂ ਉਸ ਨੂੰ ਜਾਣਦਾ ਨਹੀਂ ਸੀ ਤੇ ਉਦੋਂ ਵੀ ਜਦੋਂ ਤੋਂ ਮੈਂ ਉਸ ਤੋਂ ਜ਼ਾਤੀ ਤੌਰ ’ਤੇ ਵਾਕਿਫ਼ ਹਾਂ। ਅਰਤਿੰਦਰ ਦੀਆਂ ਕਿਤਾਬਾਂ ਵੀ ਮੁਤਾਸਿਰ ਕਰਦੀਆਂ ਹਨ। ਖ਼ਾਸ ਤੌਰ ’ਤੇ ‘ਸ਼ੀਸ਼ੇ ਦੀ ਜੂਨ’, ‘ਕਿੱਥੋਂ ਆਉਂਦੀ ਕਵਿਤਾ’ ਅਤੇ ‘ਕਦੀ ਕਦਾਈਂ’।

ਪਿਛਲੇ ਦਿਨੀਂ ‘ਘਰ ਘਰ’ ਦਾ ਖਰੜਾ ਪ੍ਰਾਪਤ ਹੋਇਆ ਤਾਂ ‘ਘਰ’ (ਜੋ ਅੱਜ ਦੀ ਤਾਰੀਖ਼ ਵਿਚ ਸਾਡੀਆਂ ਭਾਰਤੀ ਭਾਸ਼ਾਵਾਂ ਵਿਚ ਇਕ ਇਸਤਿਆਰੇ ਦੀ ਬਲਕਿ ਇਕ ਆਰਕੀਟਾਈਪ ਦੀ ਹੈਸੀਅਤ ਰੱਖਦਾ ਹੈ) ਬਾਰੇ ਮੇਰੀਆਂ ਆਪਣੀਆਂ ਸਾਰੀਆਂ ਜਿਗਿਆਸਾਵਾਂ ਫਿਰ ਤੋਂ ਉੱਠ ਖੜ੍ਹੀਆਂ ਹੋਈਆਂ। ਸਭ ਤੋਂ ਪਹਿਲਾਂ ਤਾਂ ਮੈਨੂੰ ਆਪਣੇ ਦੋ ਸ਼ਿਆਰ ਯਾਦ ਆਏ :—

- ਨਾ ਦੇ ਪੁਖ਼ਤਾ ਇਮਾਰਤ ਇਕ ਖੰਡਰ ਦੇ
  ਮੈਂ ਬੇਘਰ ਹੂੰ ਮੁਝੇ ਭੀ ਕੋਈ ਘਰ ਦੇ।

- ਰੇਤ ਕੀ ਥੀ ਵੋ ਚਾਰਦੀਵਾਰੀ
  ਖੇਲਤੇ ਜਿਸ ਮੇਂ ਹਮ ਰਹੇ ਘਰ ਘਰ

ਗੁਰਬਾਣੀ ਵਿਚ ਘਰ ਲਫ਼ਜ਼ ਵੱਖ-ਵੱਖ ਥਾਵਾਂ ’ਤੇ ਵੱਖ-ਵੱਖ ਅਰਥਾਂ ਵਿਚ ਬਲਕਿ ਆਪਣੀਆਂ ਵੱਖ-ਵੱਖ ਆਰਕੀਟਾਈਪਲ ਅਵਸਥਾਵਾਂ ਵਿਚ ਇਸਤੇਮਾਲ ਹੋਇਆ ਹੈ। ਜੇ ‘ਛੇ ਘਰ ਛੇ ਗੁਰ ਛੇ ਉਪਦੇਸ਼’ ਵਿਚ ਘਰ ਸ਼ਾਸਤ੍ਰ ਦੇ ਭਾਵ-ਅਰਥ ਦੇਂਦਾ ਹੈ ਤਾਂ ‘ਜਿਨ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਿਜ ਸੇਤੀ ਘਰ ਆਓ’ ਵਿਚ ਆਪਣੇ ਮਨ ਅੰਦਰ ਦੇ ਭਾਵ ਅਰਥ। ਗੁਰੂ ਨਾਨਕ ਨੇ ਇਕ ਹੋਰ ਥਾਵੇਂ ਕਿਹਾ ਹੈ—ਮਨ ਤੂ ਜੋਤ ਸਰੂਪ ਹੈ ਅਪਣਾ ਮੂਲ ਪਛਾਣੁ। ‘ਸੋ ਘਰ ਗੁਰੂ ਨਾਨਕ ਕੋ ਦੀਆ’ ਵਿਚ ਘਰ ਦਾ ਮਾਨੀ ਰੁਤਬਾ ਹੈ ਪਦਵੀ ਹੈ। ਕਈ ਸ਼ਬਦਾਂ ਦੇ ਸ਼ੁਰੂ ਵਿਚ ਘਰ ਦੂਜਾ, ਘਰ ਚੌਥਾ ਵਗ਼ੈਰਾ ਸੰਗੀਤ ਦੀਆਂ ਖ਼ਾਸ ਗਾਇਨ ਅਵਸਥਾਵਾਂ ਨੂੰ ਘਰ-ਕ੍ਰਮ ਦਿੱਤਾ ਗਿਆ ਹੈ।

ਦੁਨੀਆ ਭਰ ਦੇ ਕਵੀਆਂ ਨੇ ਆਪਣੇ-ਆਪਣੇ ਅੰਦਾਜ਼ ਵਿਚ ਘਰ ਨੂੰ ਯਾਦ ਕੀਤਾ ਹੈ। ਗ਼ਾਲਿਬ ਕਹਿੰਦੇ ਹਨ—

ਕੋਈ ਵੀਰਾਨੀ ਸੀ ਵੀਰਾਨੀ ਹੈ
ਦਸ਼ਤ ਕੋ ਦੇਖਾ ਤੋ ਘਰ ਯਾਦ ਆਇਆ

ਹਥਲੇ ਕਾਵਿ-ਸੰਗ੍ਰਹਿ 'ਘਰ ਘਰ' ਨੂੰ ਵੇਖ ਕੇ ਪਹਿਲਾਂ ਤਾਂ ਮੈਂ ਸੋਚਿਆ ਕਿ ਅਰਤਿੰਦਰ ਨੂੰ ਨਜ਼ਮਾਂ ਦੇ ਉਨਵਾਨ ਵੀ ਰੱਖਣੇ ਚਾਹੀਦੇ ਸਨ ਪਰ ਧਿਆਨ ਨਾਲ ਸਾਰੀਆਂ ਨਜ਼ਮਾਂ ਪੜ੍ਹਨ 'ਤੇ ਪਤਾ ਚੱਲਿਆ ਕਿ ਅਰਤਿੰਦਰ ਦੀਆਂ ਇਹ ਸਾਰੀਆਂ ਨਜ਼ਮਾਂ 'ਘਰ' (ਰੂਪੀ ਆਕੀਟਾਈਪ) ਬਾਰੇ ਮੁੱਢ-ਕਦੀਮ ਤੋਂ ਅੱਜ ਤਕ ਦੀ ਸਾਰੀ ਦੀ ਸਾਰੀ ਜਗਿਆਸਾ, ਸਾਰੀ ਦੀ ਸਾਰੀ ਖੋਜ ਅਤੇ ਸਾਰੇ ਦੇ ਸਾਰੇ ਅਨੁਭਵ ਨੂੰ ਦਰਅਸਲ ਕ੍ਰਮਵਾਰ ਅੰਕਿਤ ਅਤੇ ਬਿਆਨ ਕਰਦੀਆਂ ਹਨ। ਹਰ ਆਦਮੀ ਆਪਣੇ ਅੰਦਰ ਜਗਿਆਸਾ ਅਤੇ ਖੋਜ ਦਾ ਜਜ਼ਬਾ ਕਿਸੇ ਨਾ ਕਿਸੇ ਸਤਹ 'ਤੇ ਜ਼ਰੂਰ ਰੱਖਦਾ ਹੈ। ਸ਼ਾਇਰ ਜਾਂ ਫ਼ਿਲਾਸਫ਼ਰ ਦੇ ਅੰਦਰ ਇਹ ਜਜ਼ਬਾ ਜ਼ਿਆਦਾ ਪ੍ਰਬਲ ਹੁੰਦਾ ਹੈ। ਇਤਨਾ ਪ੍ਰਬਲ ਕਿ ਇਜ਼ਹਾਰ ਕੀਤੇ ਬਗ਼ੈਰ ਰਿਹਾ ਨਹੀਂ ਜਾ ਸਕਦਾ।

ਅਰਤਿੰਦਰ ਨੇ ਕਈ-ਕਈ ਸਾਲ ਜਾਂ ਸ਼ਾਇਦ ਕਈ-ਕਈ ਜਨਮ ਜਾਂ ਸ਼ਾਇਦ ਕਈ-ਕਈ ਯੁੱਗ 'ਘਰ' ਬਾਰੇ ਆਪਣੀ ਜਗਿਆਸਾ ਨੂੰ ਖੋਜ ਦੇ ਖੰਭ ਲਾ ਕੇ 'ਲਖ ਅਗਾਸਾ ਆਗਾਸ ਲਖ ਪਤਾਲਾ ਪਾਤਾਲ' ਵਿਚ ਉਡਾਇਆ ਹੈ।

ਅਸਲ ਵਿਚ ਤਾਂ
ਉਗਮ ਪਈ ਹੋਵੇਗੀ ਪਰਿਭਾਸ਼ਾ ਘਰ ਦੀ
ਬ੍ਰਹਿਮੰਡ ਦੀ ਉਤਪਤੀ ਦੇ ਨਾਲ ਹੀ
ਜਨਮੇ ਹੋਣਗੇ...ਜਦ
ਸਾਰੇ ਬ੍ਰਹਿਮੰਡੀ ਪਿੰਡ
ਸੂਰਜ ਚੰਨ ਤੇ ਤਾਰੇ ਸਾਰੇ
ਅਨੰਤ ਖ਼ਲਾਅ ਦੇ ਵਿਸਥਾਰ ਵਿਚ
ਤੇ ਘੁੰਮ ਰਹੇ ਹੋਣਗੇ ਆਪਣੀ ਦਿਸ਼ਾਹੀਣ
ਲਾਵਾਰਿਸ ਆਵਾਰਗੀ ਸੰਗ

ਕਿਸੇ ਪਲ...ਸੂਰਜ ਤਾਰਿਆਂ ਤੋਂ
ਨਿੱਖੜ ਕੇ ਵੱਖ ਹੋਏ
ਉਨ੍ਹਾਂ ਦੇ ਵਜੂਦ ਦੇ ਟੋਟੇ
ਨਵੇਂ ਤਾਰੇ...ਧਰਤੀਆਂ 'ਤੇ ਚੰਨ ਬਣੇ

ਉਸੇ ਪਲ ਹੀ ਕਾਇਮ ਹੋਇਆ ਹੋਵੇਗਾ
ਰਿਸ਼ਤਾ...ਮਾਪੇ ਸੂਰਜਾਂ ਤੇ ਨਿਖੜਿਆਂ ਵਿਚਾਲੇ
ਸੰਮੋਹਨ ਭਰੀ ਅਪਣੱਤ ਦਾ

ਉਸ ਮੋਹ ਚੋਂ ਉਪਜੀਆਂ
ਤੰਦਾਂ ਦੇ ਆਕ੍ਰਸ਼ਣ 'ਚ ਬੱਝੇ
ਘੁੰਮਣ ਲੱਗੇ ਹੋਣਗੇ ਉਹ
ਆਪਣੇ ਘਰਾਂ...ਉਨ੍ਹਾਂ ਸੂਰਜਾਂ
ਉਨ੍ਹਾਂ ਮਾਪੇ ਪਿੰਡਾਂ ਦੁਆਲੇ
ਜਿਥੋਂ ਨਿਖੜੇ...ਤੇ ਰਹਿਣਾ ਸੀ ਬੱਝੇ ਵੀ

'ਘਰ ਘਰ' ਦੀ ਪਹਿਲੀ ਨਜ਼ਮ ਦੇ ਉੱਪਰ ਦਿੱਤੇ ਟੁਕੜਿਆਂ ਨੂੰ ਪੜ੍ਹ ਕੇ ਮੈਨੂੰ ਲੱਗਿਆ ਜਿਵੇਂ ਕਵੀ ਧਿਆਨ ਵਿਚ ਬੈਠਾ ਹੋਵੇ (ਕਵੀ ਇਸ ਲਈ ਕਿਹਾ ਹੈ ਕਿ ਇਹ ਕਵਿਤਾ ਦੇ ਟੁਕੜੇ ਹਨ, ਵਰਨਾ ਸ਼ਾਇਦ ਰਿਸ਼ੀ ਕਹਿੰਦਾ) ਤੇ ਧਿਆਨ ਵਿਚ ਤ੍ਰੈਲੋਕ-ਦਰਸ਼ਨ ਦੀ ਅਵਸਥਾ ਪ੍ਰਾਪਤ ਹੋ ਗਈ ਹੋਵੇ ਅਤੇ ਬ੍ਰਹਿਮੰਡ, ਸੰਸਾਰ ਅਤੇ ਧਰਤੀ ਦੀ ਉਤਪਤੀ ਅਤੇ ਵਿਕਾਸ ਦੇ ਸਾਰੇ ਪੜਾਅ ਉਸ ਦੀਆਂ ਅੱਖਾਂ ਸਾਹਵੇਂ ਇੰਝ ਗੁਜ਼ਰ ਰਹੇ ਹੋਣ ਜਿਵੇਂ ਸਿਨੇਮਾ ਦੇ ਪਰਦੇ 'ਤੇ ਕੋਈ ਫ਼ਿਲਮ ਚੱਲਦੀ ਹੈ।

ਅਰਤਿੰਦਰ ਨੇ ਅਗਲੀਆਂ ਨਜ਼ਮਾਂ ਵਿਚ ਬ੍ਰਹਿਮੰਡ ਦੀ ਉਤਪਤੀ ਤੋਂ ਲੈ ਕੇ ਅੱਜ ਦੇ ਮਾਨਵ ਦੇ ਪਰੰਪਰਿਕ ਘਰ ਦੀ ਉਤਪਤੀ ਅਤੇ ਉਸ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੂੰ ਬੜੇ ਖ਼ੂਬਸੂਰਤ ਕਾਵਿ-ਰੂਪ ਵਿਚ ਬਿਆਨ ਕੀਤਾ ਹੈ। ਪਰ ਮੈਂ ਇਥੇ ਗੱਲ 'ਘਰ ਘਰ' ਦੀਆਂ ਆਖ਼ਰੀ ਤਿੰਨ ਨਜ਼ਮਾਂ ਨਾਲ ਅੱਗੇ ਵਧਾਵਾਂਗਾ।

**-1-**

ਪੁੱਟ ਉਖਾੜ ਲਵਾਂ ਅਕਸਰ
ਮਨ ਦੀ ਅਪਾਰਦਰਸ਼ੀ ਮਿੱਟੀ
ਕਿ ਕਿਸ ਪਲ ਨੇ ਦੱਬਿਆ
ਕਿਤੇ ਟੂਣੇ ਜਿਹਾ ਕੁਝ...
ਜੋ ਲਗਾਤਾਰ ਧੂੰਏਂ ਦੀਆਂ
ਮਿਕਨਾਤੀਸੀ ਘੁੰਮਣਘੇਰੀਆਂ ਵਾਹੁੰਦਾ
ਮੈਨੂੰ ਅੰਦਰ ਖਿੱਚ ਲੈਂਦਾ

ਇਸ ਉੱਥਲ-ਪੁੱਥਲ
ਇਸ ਫੋਲ-ਫਲਾਈ ਵਿਚ

ਕਈ ਤਰ੍ਹਾਂ ਦੇ ਤੂਫ਼ਾਨੀ ਪਲ
ਆਜ਼ਾਦ ਹੋ ਜਾਂਦੇ
ਮੇਰੇ ਉੱਪਰ ਹੋ ਕੇ ਵਹਿੰਦੇ
ਮੈਨੂੰ ਘਰ ਦੇ ਰੂਬਰੂ ਲਿਆ ਧਰਦੇ
ਜਿਥੇ ਘਰ ਦੀ ਤੇ ਮੇਰੀ
ਸਾਰੇ ਹਾਸਿਆਂ ਤੇ ਹੌਕਿਆਂ ਸਮੇਤ
ਪੱਕੀ ਆੜੀ ਦਾ ਉਸਾਰ ਹੈ

-2-
ਘਰ ਦੀ ਹਰੇਕ ਵਸਤੂ ਤੇ ਵਰਤਾਰਾ
ਜਾਣਦੇ ਨੇ ਮੈਨੂੰ
ਤੇ ਉਨ੍ਹਾਂ ਨੂੰ ਮੈਂ
ਅਸਲ ਵਿਚ ਤਾਂ
ਇਕੱਠੇ ਹੀ ਜਨਮੇ ਹੁੰਦੇ ਹਾਂ
ਰਿਸ਼ਤੇ ਦੇ ਪੱਧਰ 'ਤੇ...ਅਸੀਂ

ਸੋ ਜੁੜੇ ਰਹਿੰਦੇ
ਨਜ਼ਰ, ਸੋਚ, ਅਤੀਤ
ਵਰਤਮਾਨ ਤੇ ਭਵਿੱਖ ਦੀਆਂ
ਕਈ ਪਰਤਾਂ ਰਾਹੀਂ

-3-
ਸ਼ੁਕਰਗੁਜ਼ਾਰ ਹਾਂ ਮੈਂ ਤੇਰੀ
ਮੇਰੇ ਘਰ...
ਤੂੰ ਮੇਰਾ ਹੈਂ...ਤੂੰ ਹੋਰ ਕਈਆਂ ਦਾ ਵੀ ਹੈਂ

ਧੰਨਵਾਦ ਤੇਰਾ...ਵਰ੍ਹਿਆਂ ਦੇ ਵਰ੍ਹੇ
ਮੇਰੀ ਭਰੋਸੇਮੰਦ
ਸ਼ਰਨਗਾਹ ਬਣੇ ਰਹਿਣ ਵਾਸਤੇ
ਜਿਥੇ ਮੈਂ ਸੌਂ ਸਕਦੀ...ਬੇਫ਼ਿਕਰੀ ਭਰੀ
ਗਹਿਰੀ ਨੀਂਦ ਵਿਚ
ਸੁਪਨਿਆਂ ਦੀਆਂ ਕਿਆਰੀਆਂ ਗੋਡਦੀ

ਉਨ੍ਹਾਂ ਲਈ ਬੀਜ ਲੱਭਦੀ
ਤੇ ਲੱਭੇ ਬੀਜਾਂ ਦੀਆਂ ਪੁੰਗਰੀਆਂ ਕਰੂੰਬਲਾਂ ਦੀ
ਮਹਿਕ ਨੂੰ ਆਪਣੇ ਹੌਂਸਲੇ ਵਿਚ ਘੋਲਦੀ ਰਹਿੰਦੀ
ਜੋ ਮੇਰੇ ਲਈ ਸਦਾ ਸ਼ਕਤੀਪਾਤ ਬਣਦੀ

...ਤੇ ਇਕ ਸ਼ੁਕਰੀਆ
ਆਪਣੀ ਹੋਂਦ ਵਿਚ
ਮੇਰਾ ਯਕੀਨ ਨਾ ਟੁੱਟਣ ਦੇਣ ਲਈ
ਸੰਘਰਸ਼ ਤੇ ਜ਼ਖ਼ਮਾਂ ਦੀਆਂ
ਲੰਬੀਆਂ ਲੜੀਆਂ ਦੌਰਾਨ ਵੀ

ਘਰ ਦੇ ਨਾਲ ਜੋ ਲਗਾਅ ਔਰਤ ਨੂੰ ਹੁੰਦਾ ਹੈ ਉਹ ਲਗਾਅ ਮਰਦ ਜਾਂ ਅੱਗੋਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਘਟ ਵੱਧ ਹੀ ਹੁੰਦਾ ਹੈ। ਲਗਾਅ ਤਾਂ ਹੁੰਦਾ ਹੈ ਪਰ ਇਸ ਦੀ ਮਾਤਰਾ 'ਚ ਫ਼ਰਕ ਹੁੰਦਾ ਹੈ। ਅਰਤਿੰਦਰ ਦੀਆਂ ਨਜ਼ਮਾਂ ਦੇ ਉੱਪਰ ਦਿੱਤੇ ਗਏ ਟੁਕੜਿਆਂ ਵਿਚ ਨਾਰੀ ਦੀ ਘਰ ਨਾਂ ਦੇ ਆਰਕੀਟਾਈਪ ਨਾਲ ਦਿਲ ਅਤੇ ਦਿਮਾਗ਼ ਦੀ ਸਾਂਝ ਉੱਭਰ ਕੇ ਸਾਹਮਣੇ ਆਉਂਦੀ ਹੈ। ਮੱਕਾ, ਮਦੀਨਾ, ਪੰਜਾ ਸਾਹਿਬ, ਨਨਕਾਣਾ ਸਾਹਿਬ, ਹਰਿਮੰਦਰ ਸਾਹਿਬ (ਅਮ੍ਰਿਤਸਰ), ਮਥਰਾ, ਬ੍ਰਿੰਦਾਬਨ, ਮਹਾਂਕਾਲੀ ਮੰਢੇਰ (ਕਲਕੱਤਾ) ਵਗ਼ੈਰਾ ਵਗ਼ੈਰਾ ਸਾਡੇ ਆਰਕੀਟਾਈਪ ਉਨ੍ਹਾਂ ਸੰਸਥਾਨਾਂ ਦੇ ਨਾਲ ਸਾਡੀ ਦਿਲੀ ਅਤੇ ਦਿਮਾਗ਼ੀ ਸਾਂਝ ਦੀ ਵਜ੍ਹਾ ਨਾਲ ਹੀ ਹਨ। ਘਰ ਦੀ ਆਰਕੀਟਾਈਪਲ ਵੈਲਯੂ ਜੋ ਘਰ ਵਾਲੀ ਦੀ ਮਨੋਸਥਿਤੀ (Psyche) ਵਿਚ ਹੈ, ਉਹ ਮਰਦ ਜਾਂ ਬੱਚਿਆਂ ਦੇ ਦਿਲ-ਦਿਮਾਗ਼ ਵਿਚ ਹੋ ਹੀ ਨਹੀਂ ਸਕਦੀ।

'ਘਰ ਘਰ' ਦੀਆਂ ਨਜ਼ਮਾਂ ਅਰਤਿੰਦਰ ਨੇ ਸਿਰਫ਼ ਇਸ ਲਈ ਨਹੀਂ ਲਿਖੀਆਂ ਕਿ ਉਹ ਘਰ ਬਾਰੇ ਆਪਣੀ ਜਗਿਆਸਾ ਨੂੰ ਸ਼ਾਂਤ ਕਰਨਾ ਚਾਹੁੰਦੀ ਹੈ ਬਲਕਿ ਇਸ ਲਈ ਵੀ (ਅਤੇ ਜ਼ਿਆਦਾ ਇਸੇ ਲਈ) ਕਿ ਉਹ ਇਕ ਨਾਰੀ ਇਕ ਘਰਵਾਲੀ ਹੋ ਕੇ ਘਰ ਸੰਬੰਧੀ ਆਪਣੇ ਫ਼ਿਕਰੀ ਅਤੇ ਜਜ਼ਬਾਤੀ ਅਨੁਭਵਾਂ ਦਾ ਸਿਰਾ ਫੜ ਕੇ ਘਰ (ਵਰਗੇ ਆਰਕੀਟਾਈਪ) ਦਾ ਧੁਰਾ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਆਖ਼ਰ ਇਹ ਘਰ ਹੈ ਕੀ ਚੀਜ਼ ? ਕਿੱਥੋਂ ਆਇਆ ਹੈ ? ਕਿਵੇਂ ਮੇਰੀ ਨਸ ਨਸ ਵਿਚ ਵੱਸ ਰਚ ਗਿਆ ਹੈ ਇਹ ਘਰ ? ਇਤਨਾ ਲਗਾਅ ਇਤਨੀ ਸਾਂਝ ਘਰ ਦੀ ਤੇ ਮੇਰੀ ਹੀ ਕਿਉਂ ? ਹੋਰਾਂ ਦਾ ਵੀ ਤਾਂ ਹੈ ਇਹ ਘਰ ? ਜਗਿਆਸੂ ਦੀ ਜਗਿਆਸਾ ਕਦੀ ਸ਼ਾਂਤ ਨਹੀਂ ਹੁੰਦੀ। ਜੇ ਐਸਾ ਹੋ ਜਾਵੇ ਤਾਂ ਕਵੀ ਕਵਿਤਾ ਲਿਖਣੀ ਬੰਦ ਕਰ ਦੇਵੇ। ਫ਼ਿਲਾਸਫ਼ਰ ਸੋਚਣਾ ਬੰਦ ਕਰ ਦੇਵੇ ਅਤੇ ਵਿਗਿਆਨੀ ਵਿਗਿਆਨ ਦੀਆਂ ਨਵੀਆਂ ਕਾਢਾਂ ਕੱਢਣੀਆਂ ਬੰਦ ਕਰ ਦੇਵੇ। ਐਸਾ ਹੋ ਨਹੀਂ ਸਕਦਾ :—

ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈ। -**ਇਕਬਾਲ**

ਇਸ ਪੜਾਅ 'ਤੇ ਅਰਤਿੰਦਰ ਦੀ ਹੇਠ ਦਰਜ ਕਵਿਤਾ ਦਾ ਅਧਿਐਨ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ :—

ਆਪਣੇ ਲਈ ਜੀਂਦਿਆਂ
ਅਪਣੱਤ ਵਿਚ ਭਿੱਜ ਕੇ
ਰਿਸ਼ਤਿਆਂ ਨਾਲ ਜੁੜੇ ਰਹਿਣਾ

ਸਵੈ ਦੇ ਸੁਪਨਿਆਂ ਦੁਆਲੇ ਘੁੰਮਦਿਆਂ
ਪਰੋਏ ਰਹਿਣਾ ਘਰ ਦੀ ਨਾਭੀ ਨਾਲ ਵੀ

ਘਰਾਂ ਦੇ ਜਿਸ ਸੰਕਲਪ ਨੂੰ
ਧਰਤੀ ਲੈ ਕੇ ਆਈ ਵਿਰਸੇ ਵਿਚ
ਜ਼ਿੰਦਗੀ ਦੇ ਬੀਜ ਵਿਚ ਲਪੇਟ ਕੇ
ਉਹ...ਜ਼ਿੰਦਗੀ ਦਾ ਬਾਹਰਲਾ ਦਾਇਰਾ
ਉਸ ਦਾ ਸਰੀਰ ਬਣ ਗਿਆ

ਧਰਤੀ ਔਰਤ ਦਾ ਪ੍ਰਤੀਕ ਵੀ ਹੈ ਤੇ ਘਰ ਦਾ ਵੀ। ਧਰਤੀ ਦਾ ਵਿਕਾਸ ਔਰਤ ਦਾ ਵਿਕਾਸ, ਘਰ ਦਾ ਵਿਕਾਸ ਇਨਸਾਨੀ ਅਤੇ ਦੁਨਿਆਵੀ ਵਿਕਾਸ (Evalution) ਦੇ ਹਿੱਸੇ ਹਨ। ਕਿਤੇ ਨਾਲ ਨਾਲ ਚੱਲਦੇ ਹੋਏ ਗੱਡਮੱਡ ਹੋ ਜਾਂਦੇ ਹੋਏ। ਇਕ ਬੜੀ ਸੁੰਦਰ ਕਵਿਤਾ ਦੇ ਇਹ ਟੋਟੇ ਮੁਲਾਹਿਜ਼ਾ ਹੋਣ :—

ਫਿਰ ਹੋਰ ਉੱਭਰੀ ਧਰਤੀ ਦੀ
ਕਲਪਨਾ ਸ਼ਕਤੀ ਦੀ ਵਿਸ਼ਾਲਤਾ
ਹੋਰ ਫੁੱਟਿਆ ਉਸ ਦੀ ਕਲਾ ਦਾ ਤਲਿਸਮ

ਅੰਬਰ ਨਾਲ ਗੱਲਾਂ ਕਰਦੀ
ਹਵਾਵਾਂ ਨਾਲ ਲਹਿਰਦੀ ਝੂਮਦੀ
ਪਾਣੀਆਂ ਨਾਲ ਭਿੱਜਦੀ ਸਿੱਜਦੀ
ਧੁੱਪਾਂ ਨਾਲ ਖੇਡਦੀ ਧਰਤੀ
ਕਰਨ ਲੱਗੀ ਖ਼ੂਬਸੂਰਤ ਸ਼ਾਇਰੀ
ਲਿਖਣ ਲੱਗੀ ਮੌਸਮਾਂ ਦੇ ਸੁਰੀਲੇ ਗੀਤ
ਤੇ ਕਵਿਤਾਵਾਂ ਕਈ ਤਰ੍ਹਾਂ ਦੀਆਂ

ਮਿੱਟੀ 'ਚ ਫੁੱਟਦੇ ਰੰਗਾਂ ਦੀਆਂ
ਹਵਾਵਾਂ ਦੀਆਂ ਤਰਜ਼ਾਂ 'ਤੇ

ਜਜ਼ਬਾਤ ਲਗਾਅ ਦੀ ਬੁਨਿਆਦ ਮੁਹੱਈਆ ਕਰਦੇ ਹਨ। ਜਜ਼ਬਿਆਂ ਨੂੰ ਜਦੋਂ ਠੇਸ ਪੁੱਜਦੀ ਹੈ ਤਾਂ ਬੁਨਿਆਦਾਂ ਹਿੱਲ ਜਾਂਦੀਆਂ ਹਨ। ਲਗਾਅ ਦੀਆਂ, ਸੋਚ ਦੀਆਂ, ਘਰ ਦੀਆਂ, ਘਰ ਸੰਸਾਰ ਦੀਆਂ ਬੁਨਿਆਦਾਂ :

ਘਰ ਵਿਚ ਹੀ ਕਦੇ-ਕਦੇ
ਅਪਣੱਤ ਦਾ ਬੂਹਾ ਠਕੋਰਦਿਆਂ
ਤਖ਼ਤੇ ਖੁੱਲ੍ਹਣ 'ਤੇ ਅਜਨਬੀ ਚਿਹਰੇ ਨਿਕਲਦੇ
ਆਪਣੀਆਂ ਉਂਗਲਾਂ ਪਲੋਸਦੇ ਤੁਸੀਂ
ਮਸਾਂ ਹੀ ਤਕ ਸਕਦੇ ਹੋ
ਆਪਣੀ ਨਜ਼ਰ ਦੀ ਵੀਰਾਨਗੀ ਦੇ ਪਾਰ
ਕਈ ਵਾਰ ਧਾਰ ਲੈਂਦਾ ਘਰ
ਕਿਸੇ ਬਰਮੂਡਾ ਤਿਕੋਣ ਦਾ ਰੂਪ ਵੀ
ਜਿਥੇ ਸੁਪਨਿਆਂ ਦੇ ਲੱਦੇ ਜਹਾਜ਼
ਆਸਾਂ ਦੇ ਉੱਡਦੇ ਵਿਮਾਨ
ਸਮੁੱਚੇ ਅਲੋਪ ਹੋ ਜਾਂਦੇ

ਕਈ ਵਾਰੀ ਘਰਾਂ ਵਿਚ ਵੀ
ਸੁਪਨਿਆਂ ਨੂੰ ਅੰਬਰ ਨਹੀਂ ਮਿਲਦਾ
ਸੋਚ ਨੂੰ ਜ਼ਮੀਨ ਨਹੀਂ ਮਿਲਦੀ

ਤੇ ਸੁੰਨ ਕਰ ਦੇਂਦਾ ਅਹਿਸਾਸਾਂ ਨੂੰ
ਕੰਧਾਂ ਅੰਦਰਲੀ ਹਵਾ ਦਾ ਓਪਰਾਪਨ
ਚਾਹਤ ਦੀ ਕਿਸੇ ਰੇਖਾ ਨਾਲ
ਸਾਂਵਾਂ ਨਹੀਂ ਮਿਚਦਾ, ਅਪਣੱਤ ਦਾ
ਕੋਈ ਵੀ ਮਾਤ ਸੂਤਰ ਕਈ ਵਾਰ ਤਾਂ
ਮਨ ਦੇ ਘਰ ਤੇ ਸਰੀਰ ਦੇ ਵਿਹੜੇ ਵਿਚਕਾਰ
ਕੋਈ ਤਾਲਮੇਲ ਨਹੀਂ ਰਹਿੰਦਾ
ਆਪਣੇ ਸ਼ਬਦਾਂ
ਖ਼ਿਆਲਾਂ 'ਚੋਂ ਹੀ ਤਿਲਕ ਜਾਂਦੀ
ਘਰ ਦੀ ਪਰਿਭਾਸ਼ਾ

ਕਵਿਤਾ ਦੇ ਅਰਥ ਸਮਝ ਆਉਣਾ ਇਤਨਾ ਜ਼ਰੂਰੀ ਨਹੀਂ ਜਿਤਨਾ ਕਵਿਤਾ ਨੂੰ ਮਾਨਣਾ ਅਤੇ ਉਸ ਦੇ ਭਾਵ ਨੂੰ ਮਹਿਸੂਸ ਕਰਨਾ ਹੈ। ਕਵਿਤਾ ਹਰ ਹਾਲ ਵਿਚ ਆਪਣੀ ਛਾਪ ਛੱਡ ਜਾਂਦੀ ਹੈ। ਆਪਣਾ ਅਸਰ ਛੱਡ ਜਾਂਦੀ ਹੈ। ਆਪਣੀ ਯਾਦ ਛੱਡ ਜਾਂਦੀ ਹੈ। ਅਰਤਿੰਦਰ ਸੰਧੂ ਦੀ ਕਵਿਤਾ ਇਸ ਕਸੌਟੀ ’ਤੇ ਖਰੀ ਉਤਰਦੀ ਹੈ। ਉਸ ਨੇ ‘ਘਰ ਘਰ’ ਵਿਚ ਜੋ ਕੁਝ ਕਹਿਣਾ ਚਾਹਿਆ ਉਹ ਬਾਖ਼ੂਬੀ ਅਤੇ ਕਾਮਯਾਬੀ ਨਾਲ ਕਹਿ ਦਿੱਤਾ ਹੈ।

‘ਘਰ ਘਰ’ ਵਿਚ ਸ਼ਾਮਿਲ ਅਰਤਿੰਦਰ ਦੀਆਂ ਕਵਿਤਾਵਾਂ ਦੀ ਇਕ ਖ਼ਾਸੀਅਤ ਇਹ ਵੀ ਹੈ ਕਿ ਇਤਨੇ ਗਹਿਰ ਗੰਭੀਰ ਵਿਸ਼ੇ ਨਾਲ ਸੰਬੰਧਤ ਹੋਣ ਦੇ ਬਾਵਜੂਦ ਇਨ੍ਹਾਂ ਵਿਚ ਜਟਿਲਤਾ ਨਾ-ਮਾਤਰ ਵੀ ਨਹੀਂ ਹੈ। ਬਲਕਿ ਪਾਠਕ ਆਪਣੇ ਆਪ ਨੂੰ ਕਿਸੇ ਨਾ ਕਿਸੇ ਸਤਹ ’ਤੇ ਇਨ੍ਹਾਂ ਕਵਿਤਾਵਾਂ ਨਾਲ Identify ਵੀ ਕਰਦਾ ਹੈ।

ਪੰਜਾਬੀ ਕਵਿਤਾ ਨਵੀਂ ਕਵਿਤਾ ਦੇ ਤਜਰਬਿਆਂ ਦੀ ਸਤਹ ’ਤੇ ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਜ਼ੁਬਾਨਾਂ ਦੀ ਕਵਿਤਾ ਨਾਲ ਕਦਮ ਮਿਲਾ ਕੇ ਚੱਲ ਰਹੀ ਹੈ। ਅਰਤਿੰਦਰ ਦੀ ਕਵਿਤਾ ਵੀ ਬੁਨਿਆਦੀ ਤੌਰ ’ਤੇ ਇਕ ਨਵੀਂ ਕਵਿਤਾ ਹੈ। ਨਵੀਂ ਕਵਿਤਾ ਨੂੰ ਫ਼ਿਕਰ ਅਤੇ ਫ਼ਲਸਫ਼ੇ ਦੀ ਪੁੱਠ ਵੀ ਹਾਸਿਲ ਹੋ ਜਾਵੇ ਤਾਂ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਮੈਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਾਹਿਤ ਦੇ ਹਲਕਿਆਂ ਵਿਚ ‘ਘਰ ਘਰ’ ਦਾ ਭਰਪੂਰ ਸੁਆਗਤ ਹੋਵੇਗਾ।

**ਪ੍ਰਿਤਪਾਲ ਸਿੰਘ ਬੇਤਾਬ**
**ਆਈ.ਏ.ਐੱਸ. (ਰਿਟਾਇਰਡ)**
**ਜੰਮੂ ਤਵੀ**

# ਆਪਣੇ ਵੱਲੋਂ

ਮਨੁੱਖ ਇਸ ਧਰਤੀ ’ਤੇ ਆਪਣੀ ਉਤਪਤੀ ਦੇ ਪਲਾਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਘਰ ਨਾਲ ਜੁੜਿਆ ਰਿਹਾ ਹੈ। ਘਰ ਉਸ ਵਾਸਤੇ ਹਮੇਸ਼ਾਂ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ, ਸਗੋਂ ਇਕ ਧੁਰਾ ਰਿਹਾ ਹੈ, ਜਿਸ ਦੁਆਲੇ ਮਨੁੱਖ ਹਮੇਸ਼ਾਂ ਘੁੰਮਦਾ ਰਹਿੰਦਾ ਹੈ। ਸਾਡੇ ਚੈਨ, ਬੇਚੈਨੀਆਂ, ਸੁਖ, ਆਰਾਮ ਤਾਂ ਇਕ ਪਾਸੇ, ਸਾਡੇ ਖ਼ਿਆਲਾਂ, ਇਹਸਾਸਾਂ ਦੀ ਵੀ ਜਜ਼ਬਾਤੀ ਸਾਂਝ ਹੁੰਦੀ ਹੈ ਘਰ ਨਾਲ। ਬਦਲਦੇ ਸਮਿਆਂ ਤੇ ਬਦਲਦੇ ਹਾਲਾਤ ਨਾਲ ਜਿਥੇ ਸਾਡੀ ਤਰਜ਼-ਏ-ਜ਼ਿੰਦਗੀ ਵਿਚ ਬਦਲਾਅ ਆਉਂਦਾ ਰਿਹਾ, ਉਸ ਮੁਤਾਬਕ ਘਰ ਦਾ ਰੂਪ ਵੀ ਬਦਲਦਾ ਰਿਹਾ ਹੈ। ਪਰ ਘਰ ਦਾ ਰੂਪ ਜਿਸ ਤਰ੍ਹਾਂ ਦਾ ਮਰਜ਼ੀ ਹੋਵੇ, ਇਹ ਮਨੁੱਖੀ ਜੀਣ-ਥੀਣ ਦਾ ਜ਼ਰੂਰੀ ਹਿੱਸਾ ਰਹਿੰਦਾ ਹੀ ਹੈ।

ਵੀਹਵੀਂ ਸਦੀ ਵਿਚ ਹਾਲਾਤ ਬਹੁਤ ਤੇਜ਼ੀ ਨਾਲ ਬਦਲੇ ਤੇ ਆਰਥਕ, ਸਮਾਜਕ ਤੇ ਸਭਿਆਚਾਰਕ ਤਬਦੀਲੀਆਂ ਨੇ ਘਰ ਦੀ ਪਰਿਭਾਸ਼ਾ ਨਾਲ ਵੀ ਕਾਫ਼ੀ ਛੇੜਛਾੜ ਕੀਤੀ। ਪੀੜ੍ਹੀਆਂ ਵਿਚਕਾਰ ਸੋਚ ਦੇ ਵਖਰੇਵੇਂ ਦੀ ਵੱਖ-ਵੱਖ ਧਰਾਤਲਾਂ ’ਤੇ ਵਧੇ ਤੇ ਘਰ ਦੀ ਪੁਰਾਣੀ ਪਰਿਭਾਸ਼ਾ ਵਿਚ ਵੀ ਤਬਦੀਲੀ ਆਈ। ਇਸ ਦਾ ਅਸਰ ਵੱਖ-ਵੱਖ ਪੀੜ੍ਹੀਆਂ ਦੀ ਮਾਨਸਿਕਤਾ ’ਤੇ ਵੀ ਪਿਆ। ਅਸੀਂ ਉਸ ਪੀੜ੍ਹੀ ਦੇ ਫ਼ਰਦ ਹਾਂ ਜਿਨ੍ਹਾਂ ’ਤੇ ਇਸ ਤਬਦੀਲੀ ਦਾ ਬਹੁਤ ਜ਼ਿਆਦਾ ਅਸਰ ਪਿਆ। ਜਦ ਪਰਿਵਾਰਕ ਮਾਡਲ ਟੁੱਟੇ ਤਾਂ ਇਸ ਵਰਤਾਰੇ ਦਾ ਮਾਨਸਿਕ ਸੰਤਾਪ ਵੀ ਇਸੇ ਪੀੜ੍ਹੀ ਨੂੰ ਹੀ ਹੰਢਾਉਣਾ ਪਿਆ।

ਘਰ ਨਾਲ ਸੰਬੰਧਤ ਕਵਿਤਾਵਾਂ ਦਾ ਮੇਰੇ ਵੱਲੋਂ ਲਿਖੇ ਜਾਣਾ ਤਕਰੀਬਨ ਗਿਆਰਾਂ ਸਾਲ ਪਹਿਲਾਂ ਮੇਰੀ ਕਾਵਿ-ਕਿਤਾਬ ‘ਕਿੱਥੋਂ ਆਉਂਦੀ ਕਵਿਤਾ’ ਨਾਲ ਸ਼ੁਰੂ ਹੋਇਆ ਸੀ। ਇਸ ਕਿਤਾਬ ਵਿਚ ਇਹ ਕਵਿਤਾਵਾਂ ‘ਘਰ ਤੇ ਉਦਾਸੀ’ ਦੇ ਉਨਵਾਨ ਨਾਲ ਨੌਂ ਕਵਿਤਾਵਾਂ ਦੀ ਲੜੀ ਦੇ ਰੂਪ ਵਿਚ ਸ਼ਾਮਲ ਸਨ। ਇਨ੍ਹਾਂ ਕਵਿਤਾਵਾਂ ਵਿਚ ਘਰ ਵਿਚਲੀ ਇਕੱਲ ਦੇ ਇਹਸਾਸ ਦੀਆਂ ਉਦਾਸੀ ਪੈਦਾ ਕਰਦੀਆਂ ਵੱਖ-ਵੱਖ ਪਰਤਾਂ ਸਨ। ਘਰ ਸੰਬੰਧੀ ਖ਼ਿਆਲਾਂ ਦਾ ਇਹ ਵਰਤਾਰਾ ਅਗਲੀਆਂ ਕਿਤਾਬਾਂ ਵਿਚ ਵੀ ਜਾਰੀ ਰਿਹਾ ਤੇ ਇਸ ਤੋਂ ਅਗਲੀ ਕਿਤਾਬ ‘ਕਦੇ ਕਦਾਈਂ’ ਵਿਚ ਵੀ ਤੇਰਾਂ ਕਵਿਤਾਵਾਂ ਦੀ ਲੜੀ ਸਮੇਤ ਚੌਦਾਂ ਕਵਿਤਾਵਾਂ ਘਰ

ਨਾਲ ਜੁੜੇ ਇਹਸਾਸ ਵਾਲੀਆਂ ਸਨ। ਇਹ ਕਵਿਤਾਵਾਂ ਅਜੋਕੇ ਹਾਲਾਤ ਵਿਚ ਮਨੁੱਖ ਦੀ ਅੰਦਰਲੀ ਬੇਚੈਨੀ ਦੇ ਨਾਲ ਨਾਲ ਉਸ ਦੇ ਘਰ ਨਾਲ ਲਗਾਅ ਦੇ ਕਾਰਨਾਂ ਨਾਲ ਜੁੜੀ ਜਗਿਆਸਾ ਨਾਲ ਸੰਬੰਧਤ ਹਨ।

ਇਸ ਤੋਂ ਪਿੱਛੋਂ ਘਰ ਸੰਬੰਧੀ ਇਸ ਜਗਿਆਸਾ ਦਾ ਫੈਲਾਅ ਹੋਰ ਗਹਿਰਾਈ ਵਿਚ ਹੋਣ ਲੱਗਾ। ਇਹ ਹੈਰਾਨੀ ਹੋਣ ਲੱਗੀ ਕਿ ਆਖ਼ਰ ਇਹ ਘਰ ਦਾ ਸੰਕਲਪ ਮਨੁੱਖ ਦੇ ਅੰਦਰ ਏਨੀ ਸ਼ਿੱਦਤ ਨਾਲ ਆਇਆ ਕਿੱਥੋਂ ਕਿ ਉਹ ਤਾ-ਉਮਰ ਘਰ ਨਾਲ ਬੰਨ੍ਹਿਆ ਗਿਆ ਤੇ ਇਸ ਧਰਤੀ ਦੇ ਹਰੇਕ ਜੀਵ ਵਿਚ ਘਰ ਦੀ ਹੋਂਦ ਦਾ ਵਿਚਾਰ ਕਿੱਥੋਂ ਆ ਗਿਆ। ਸੋਚ ਦੇ ਇਸ ਪਾਸਾਰ ਵਿਚੋਂ ਹੀ ਇਹ ਖ਼ਿਆਲ ਉੱਭਰਨਾ ਸ਼ੁਰੂ ਹੋਇਆ ਕਿ ਇਸ ਵਿਚਾਰ ਦਾ ਮੁੱਢ ਤਾਂ ਖ਼ੁਦ ਧਰਤੀ ਦੇ ਅੰਦਰ ਹੀ ਹੈ। ਉਹ ਹੈ ਧਰਤੀ ਦਾ ਆਪਣੇ ਮੁੱਢ, ਆਪਣੇ ਜਨਮ ਦਾਤੇ ਸੂਰਜ ਨਾਲ ਜੁੜੇ ਰਹਿਣ ਵਾਸਤੇ ਹਮੇਸ਼ਾਂ ਵਾਸਤੇ ਉਸ ਦੁਆਲੇ ਘੁੰਮਣ ਲੱਗ ਪੈਣਾ ਤੇ ਆਪਣੀ ਹੋਂਦ ਨੂੰ ਸਤਿਕਾਰ ਦੇਂਦਿਆਂ ਆਪਣੀ ਧੁਰੀ ਦੁਆਲੇ ਵੀ ਘੁੰਮਦੇ ਰਹਿਣਾ। ਫਿਰ ਉਸ ਵੱਲੋਂ ਜ਼ਿੰਦਗੀ ਵਾਸਤੇ ਆਸਾਰ ਵੀ ਸਿਰਜਣੇ। ਜ਼ਿੰਦਗੀ । ਪੈਦਾ ਹੋਣ ਤੇ ਪਾਲਣ ਵਾਸਤੇ ਮਾਤਾ ਦਾ ਰੂਪ ਧਾਰ ਲੈਣਾ ਤੇ ਰੱਖਿਆ ਵਾਸਤੇ ਖ਼ੁਦ ਘਰ ਬਣ ਜਾਣਾ। ਬਾਬਾ ਨਾਨਕ ਨੇ ਤਾਂ ਪੰਜ ਸਦੀਆਂ ਪਹਿਲਾਂ ਧਰਤੀ ਨੂੰ 'ਮਾਤਾ ਧਰਤ ਮਹਤ' ਕਹਿ ਦਿੱਤਾ ਸੀ।

ਇਸ ਤਰ੍ਹਾਂ ਦੇ ਵਿਚਾਰ ਸ਼ਬਦ ਰੂਪ ਧਾਰਦੇ ਗਏ ਤੇ ਫਿਰ ਘਰ ਬਾਰੇ ਲੰਬੀ ਕਵਿਤਾ ਦੀ ਕਿਤਾਬ 'ਘਰ ਘਰ' ਆਈ। ਇਸ ਵਿਚ ਕੁਝ ਕਵਿਤਾਵਾਂ 'ਕਦੇ ਕਦਾਈਂ' ਵਿਚੋਂ ਵੀ ਸਨ। ਫਿਰ ਇਸ ਤੋਂ ਬਾਅਦ ਆਈਆਂ ਕਿਤਾਬਾਂ 'ਕਦੇ ਤਾਂ ਮਿਲ ਜ਼ਿੰਦਗੀ' ਵਿਚ ਤੇ ਫਿਰ ਅਗਲੀ ਕਿਤਾਬ 'ਵਿਚਲਾ ਮੌਸਮ' ਵਿਚ ਵੀ ਘਰ ਬਾਰੇ ਪਹਿਲੀਆਂ ਕਿਤਾਬਾਂ ਨਾਲੋਂ ਵੱਖਰੇ ਜ਼ਾਵੀਏ ਤੋਂ ਲਿਖੀਆਂ ਹੋਈਆਂ ਕਵਿਤਾਵਾਂ ਸ਼ਾਮਲ ਹਨ।

ਪਰ ਘਰ ਦੇ ਸੰਕਲਪ ਦੀ ਬ੍ਰਹਿਮੰਡ ਹੋਂਦ ਨਾਲ ਜੁੜੇ ਵਿਚਾਰਾਂ ਦਾ ਤਾਂ ਕੋਈ ਵੀ ਅੰਤ ਨਹੀ, ਫਿਰ ਇਸ ਬਾਰੇ ਵਿਚਾਰ ਪ੍ਰਵਾਹ ਕਿਸ ਤਰ੍ਹਾਂ ਰੁਕ ਸਕਦੇ ਸਨ। ਖ਼ਿਆਲ ਆਇਆ ਕਿ ਘਰ ਬਣਾ ਕੇ ਉਨ੍ਹਾਂ ਵਿਚ ਰਹਿਣ ਲੱਗ ਪੈਣਾ ਮਨੁੱਖ ਦੇ ਦਿਮਾਗ਼ ਦੀ ਹੀ ਕਾਢ ਨਹੀਂ ਸੀ। ਧਰਤੀ ਉੱਤੇ ਘਰ ਤਾਂ ਮਨੁੱਖ ਦੇ ਇਥੇ ਪੈਦਾ ਹੋਣ ਤੋਂ ਵੀ ਪਹਿਲਾਂ ਤੋਂ ਬਣ ਰਹੇ ਸਨ। ਸਫ਼ਰ ਵੀ ਹੋ ਰਹੇ ਸਨ ਤੇ ਪਰਵਾਸ ਸੀ। ਮਨੁੱਖ ਤਾਂ ਆ ਕੇ ਇਨ੍ਹਾਂ ਵਰਤਾਰਿਆਂ ਵਿਚ ਆਪਣੇ ਢੰਗ ਨਾਲ ਸਿਰਫ਼ ਸ਼ਾਮਲ ਹੀ ਹੋਇਆ ਸੀ। ਇਸ ਤਰ੍ਹਾਂ ਦੇ ਭਾਵ ਅਰਥ ਵਾਲੀਆਂ ਕਵਿਤਾਵਾਂ ਹੋਰ ਲਿਖੀਆਂ ਗਈਆਂ ਜੋ ਇਸ ਹੱਥਲੀ ਕਿਤਾਬ ਵਿਚ ਸ਼ਾਮਲ ਹਨ।

ਇਸ ਕਿਤਾਬ ਵਿਚ ਬ੍ਰਹਿਮੰਡ ਤੋਂ ਉੱਤਰੇ ਘਰ ਵਾਲੀ ਕਿਤਾਬ 'ਘਰ ਘਰ'

ਵਿਚਲੀਆਂ ਕਵਿਤਾਵਾਂ ਦੇ ਨਾਲ ਕੁਝ ਕਵਿਤਾਵਾਂ ਮਨੁੱਖ ਦੇ ਨਿੱਜੀ ਘਰ ਤੇ ਮਨ ਵਿਚ ਬੈਠੇ ਘਰ ਬਾਰੇ ਵੀ ਹਨ ਜੋ ਪਹਿਲੀਆਂ ਕਿਤਾਬਾਂ ਵਿਚ ਸ਼ਾਮਲ ਸਨ। ਉਨ੍ਹਾਂ ਸਾਰੀਆਂ ਕਵਿਤਾਵਾਂ ਨੂੰ ਇਕੱਠੀਆਂ ਕਰਕੇ ਇਹ ਕਿਤਾਬ 'ਘਰ ਘਰ ਤੇ ਘਰ' ਸੰਪੰਨ ਹੋਈ ਹੈ। 'ਘਰ ਘਰ' ਸਿਰਲੇਖ ਵਾਲੀ ਕਿਤਾਬ ਦੀਆਂ ਕਵਿਤਾਵਾਂ ਤੋਂ ਪਿੱਛੋਂ ਇਹ ਜਿਸ ਕ੍ਰਮ ਵਿਚ ਲਿਖੀਆਂ ਗਈਆਂ ਉਸੇ ਅਨੁਸਾਰ ਹੀ ਇਸ ਕਿਤਾਬ ਵਿਚ ਅੰਕਿਤ ਕੀਤੀਆਂ ਗਈਆਂ ਹਨ। ਉਮੀਦ ਹੈ ਕਿ ਪਾਠਕਾਂ ਨੂੰ ਪਸੰਦ ਆਉਣਗੀਆਂ ਤੇ ਇਨ੍ਹਾਂ ਕਵਿਤਾਵਾਂ ਨਾਲ ਸਾਂਝ ਇਸ ਕਾਰਨ ਵੀ ਪਵੇਗੀ ਕਿ ਘਰ ਸਭ ਦਾ ਵੱਖਰਾ ਵੱਖਰਾ ਵੀ ਹੈ ਤੇ ਸਾਂਝਾ ਇਹਸਾਸ ਵੀ ਹੈ।

**-ਅਰਤਿੰਦਰ ਸੰਧੂ**

“ਜਦ ਵੀ ਸੋਚਾਂ, ਕਿੱਥੋਂ ਆਇਆ ਘਰ...
ਦੂਰ ਤਕ ਪਿਛਾਂਹ ਤੱਕਦਿਆਂ
ਚਿਤਵਦੀ ਹਾਂ...ਨਿੰਮਣਾ ਇਸ ਦਾ, ਤੇ ਜੰਮਣਾ...
ਫਿਰ ਇਸ ਦਾ ਆਪਣੇ
ਅਜਬ...ਗਜ਼ਬ...ਅਨੇਕ ਧਾਰਾਈ
ਨਵੇਕਲੇ ਸੰਕਲਪ ਸਮੇਤ”

## — ੳ —

ਜਦ ਵੀ ਸੋਚਦੀ ਹਾਂ
ਇਸ ਖੰਡ ਅਖੰਡ ਬ੍ਰਹਿਮੰਡ ਵਿਚ
ਕਿੱਥੋਂ ਆਇਆ ਘਰ...?
ਮੋਹ, ਅਧਿਕਾਰ, ਜ਼ਿੰਮੇਵਾਰੀ
ਬੇਗ਼ਾਨਗੀ, ਅਪਣੱਤ, ਸੁਰੱਖਿਆ
ਚੈਨ, ਬੇਚੈਨੀ ਤੇ ਕਈ ਕੁਝ ਹੋਰ ਦੇ
ਸਮੁੱਚ ਸਮੇਤ
ਤਾਂ...ਤੱਕਦੀ ਹਾਂ ਦੂਰ ਤਕ ਪਿੱਛੇ...
ਚਿਤਵਦੀ ਹਾਂ ਨਿੰਮਣਾ ਇਸ ਦਾ
ਇਸ ਅਥਾਹ ਪਸਾਰੇ ਵਿਚ
ਤੇ ਜੰਮਣਾ ਫਿਰ...ਆਪਣੇ

ਅਜਬ...ਗਜ਼ਬ...ਅਨੇਕ ਧਾਰਾਈ
ਨਵੇਕਲੇ ਸੰਕਲਪ ਸਮੇਤ

ਅਸਲ ਵਿਚ ਤਾਂ...
ਉਗਮ ਪਈ ਹੋਵੇਗੀ ਪਰਿਭਾਸ਼ਾ ਘਰ ਦੀ
ਬ੍ਰਹਿਮੰਡ ਦੀ ਉਤਪਤੀ ਦੇ ਨਾਲ ਹੀ
ਜਨਮੇ ਹੋਣਗੇ ਜਦ
ਸਾਰੇ ਬ੍ਰਹਿਮੰਡੀ ਪਿੰਡ
ਸੂਰਜ, ਚੰਨ ਤੇ ਤਾਰੇ ਸਾਰੇ
ਅਨੰਤ ਖ਼ਲਾਅ ਦੇ ਵਿਸਥਾਰ ਵਿਚ
ਤੇ ਘੁੰਮ ਰਹੇ ਹੋਣਗੇ ਆਪਣੀ ਦਿਸ਼ਾਹੀਣ
ਲਾਵਾਰਿਸ ਅਵਾਰਗੀ ਸੰਗ

ਲੋੜੀਂਦਾ ਹੋਵੇਗਾ...ਉਨ੍ਹਾਂ ਨੂੰ
ਕੋਈ ਕੇਂਦਰ ਬਿੰਦੂ
ਕੋਈ ਧੁਰਾ...ਕੋਈ ਸੇਧਵਾਨ
ਕੋਈ ਉਦੇਸ਼...ਕੋਈ ਮਕਸਦ
ਕੋਈ ਜੁੜਿਆ ਆਪਣੇ ਨਾਲ
ਕੋਈ ਰਿਸ਼ਤਾ...ਜਿਸ ਨਾਲ
ਬੱਝੇ ਮਹਿਸੂਸ ਕਰਨ ਉਹ...

ਫਿਰ ਉਸ ਬੇ-ਥਵ੍ਹੀ ਇਕੱਲ
ਤੇ ਖ਼ਾਨਾਬਦੋਸ਼ ਭਟਕਣ ਦੇ
ਅਹਿਸਾਸਾਂ 'ਚੋਂ ਹੀ ਉਪਜਿਆ ਹੋਵੇਗਾ
ਉਨ੍ਹਾਂ ਆਕਾਸ਼ ਪਿੰਡਾਂ
ਉਨ੍ਹਾਂ ਤਾਰਿਆਂ ਅੰਦਰ ਕਿਤੇ
ਸੰਕਲਪ, ਕਿਸੇ ਆਪਣੇ ਦੀ ਹੋਂਦ ਦਾ
...ਘਰ ਪਰਿਵਾਰ ਦਾ...

ਜੋ ਬਚਾਵੇ ਉਨ੍ਹਾਂ ਨੂੰ, ਇਕੱਲਤਾ ਦੇ
ਖਿੰਡਾਉ, ਉਦਾਸ, ਡੋਬੂ ਅਹਿਸਾਸ ਤੋਂ...

ਕਿਸੇ ਪਲ, ਜਦ ਸੂਰਜਾਂ ਤਾਰਿਆਂ ਤੋਂ
ਨਿੱਖੜ ਕੇ ਵੱਖ ਹੋਏ
ਉਨ੍ਹਾਂ ਦੇ ਵਜੂਦ ਦੇ ਟੋਟੇ
ਨਵੇਂ ਤਾਰੇ...ਧਰਤੀਆਂ ’ਤੇ ਚੰਨ ਬਣੇ...
ਉਸੇ ਪਲ ਹੀ ਕਾਇਮ ਹੋਇਆ ਹੋਵੇਗਾ
ਰਿਸ਼ਤਾ, ਮਾਪੇ ਸੂਰਜਾਂ ਤੇ ਨਿਖੜਿਆਂ ਵਿਚਾਲੇ
ਸੰਮੋਹਨ ਭਰੀ ਅਪਣੱਤ ਦਾ

ਨਾਲ ਹੀ ਉਸੇ ਛਿਣ ਫਿਰ
ਉੱਭਰ ਆਇਆ ਹੋਵੇਗਾ ਉਨ੍ਹਾਂ ਅੰਦਰ ਕਿਤੇ
ਕਿਸੇ ਆਪਣੇ ਤੋਂ ਟੁੱਟ ਜਾਣ ਦੀ
ਭਾਵਨਾ ਦਾ ਵੈਰਾਗ

ਨਾ ਜੁੜ ਸਕਣ ਦੀ ਸੀ ਆਸ ਮੁੜ
ਨਾ ਰਹਿ ਸਕਣ ਦਾ ਦਮ ਸੀ ਦੂਰ ਹੀ...

ਉਸੇ ਮੋਹ ’ਚੋਂ ਉਪਜੀਆਂ
ਤੰਦਾਂ ਦੇ ਆਕਰਸ਼ਣ ’ਚ ਬੱਝੇ
ਘੁੰਮਣ ਲੱਗੇ ਹੋਣਗੇ ਉਹ
ਆਪਣੇ ਘਰਾਂ, ਉਨ੍ਹਾਂ ਸੂਰਜਾਂ
ਉਨ੍ਹਾਂ ਮਾਪੇ ਪਿੰਡਾਂ ਦੁਆਲੇ
ਜਿਥੋਂ ਨਿੱਖੜੇ...ਤੇ ਰਹਿਣਾ ਚਾਹੁੰਦੇ ਸੀ ਬੱਝੇ ਵੀ

ਇਸ ਮੋਹ ਪਾਸ਼ ਦੇ ਤੰਦੀਂ ਜੁੜੇ
ਸਾਰੇ ਦੇ ਸਾਰੇ ਤਾਰੇ

ਤੇ ਸਾਰੀਆਂ ਦੀਆਂ ਸਾਰੀਆਂ ਧਰਤੀਆਂ
ਆਪਣੇ ਘਰਾਂ ਦੀ ਪਰਿਕਰਮਾ ਕਰਦੀਆਂ
ਧੁਨ ਵਿਚ...ਅਨੰਤ ਪੈਂਡਿਆਂ 'ਤੇ ਪਈਆਂ
ਹੋਂਦ ਰਹਿਤ ਅੰਬਰ ਦੀ
ਇਕ ਹੋਂਦ ਗੁੰਦਣ ਲੱਗੀਆਂ ਹੋਣਗੀਆਂ

ਉਸ ਪਲ ਦੀਆਂ ਤੁਰੀਆਂ ਉਹ
ਥੱਕਦੀਆਂ, ਨਾ ਭੁੱਲਦੀਆਂ ਰਸਤੇ
ਨਾ ਗੁੰਮ ਹੀ ਹੁੰਦੀਆਂ, ਕਿਧਰੇ
ਅੰਬਰ ਦੀ ਵਿਸ਼ਾਲਤਾ ਵਿਚ

ਘਰ ਦੀ ਕੇਂਦਰੀ ਖਿੱਚ ਦੀਆਂ ਬੱਝੀਆਂ
ਜੁੜੀਆਂ ਉਹ, ਉਸ ਨਾਲ ਅਪਣੱਤ ਦੇ
ਅਦਿੱਖ ਤੰਦ-ਤਾਣੇ ਦੀ
ਅਥਾਹ ਸਾਰਥਕਤਾ ਨਾਲ
ਬੇਬਾਕ ਸਮਰਪਣ ਵਿਚ
ਪਰਿਕਰਮਾ-ਰਤ...ਬਸ...!
•

"ਖ਼ੁਦ ਨਾਲ ਜੀਂਦਿਆਂ
ਖ਼ੁਦ ਲਈ ਵੀ ਜੀਂਦਿਆਂ
ਕੁਨਬੇ ਨਾਲ ਜੁੜੇ ਰਹਿਣਾ
ਬਣ ਗਿਆ ਹੋਵੇਗਾ
ਧਰਤੀ ਉੱਤੇ, ਘਰ ਵਿਚ
ਜੀਣ ਦਾ ਮੂਲ ਮੰਤਰ"

**— ਅ —**

ਤਾਰਾ ਮੰਡਲ  ਦੀ ਵਿਸ਼ਾਲਤਾ ਵਿਚ
ਚੱਲ ਰਿਹਾ ਸੀ ਵਰਤਾਰਾ ਜਦੋਂ
ਟੁੱਟਣ ਨਿਖੜਨ ਵਿਛੜਣ ਦਾ

...ਤੇ ਪਿਤਰੀ ਤਾਰਿਆਂ ਨੂੰ ਸੂਰਜ ਮੰਨ
ਘੁੰਮਣ ਲੱਗੇ ਹੋਣਗੇ, ਉਨ੍ਹਾਂ ਦੁਆਲੇ
ਜਦ...ਉਨ੍ਹਾਂ ਦੇ ਵੱਖ ਹੋਏ ਅੰਸ਼
ਜੁੜ ਰਹੇ ਹੋਣਗੇ ਕਿਣਕੇ
ਬੱਝ ਰਿਹਾ ਹੋਵੇਗਾ ਮੁੱਢ
ਘਰ ਪਰਿਵਾਰ ਦੀ ਪਰਿਭਾਸ਼ਾ ਦਾ
ਉਸੇ ਛਿਣ
ਜਨਮ ਦਾਤੇ ਸੂਰਜ ਤੋਂ ਨਿੱਖੜੀ
ਤੇ ਖਲਾਅ ਵਿਚ ਉੱਤਰੀ ਧਰਤੀ ਵੀ

ਹੋਰ ਸਾਰੇ ਵਿੱਛੜੇ ਟੋਟਿਆਂ ਵਾਂਗ
ਘੁੰਮਣ ਲੱਗੀ ਹੋਵੇਗੀ
ਆਪਣੇ ਪਿੱਤਰੀ ਘਰ
ਆਪਣੇ ਮਾਤਰੀ ਮੁੱਢ ਦੇ ਚੁਫ਼ੇਰੇ

ਜਿਵੇਂ ਮਾਂ ਦੁਆਲੇ ਬਾਲ
ਜਿਵੇਂ ਇਸ਼ਟ ਦੁਆਲੇ ਭਗਤ
ਮਹਿਸੂਸ ਕਰਦਿਆਂ
ਪੇਕੇ ਪਿੰਡ ਨਾਲ
ਜੁੜੇ ਰਹਿਣ ਦਾ ਸੁਖ

ਨਾਲ ਹੀ ਨਾਲ
ਘੁੰਮਣ ਲੱਗੀ ਫਿਰ
ਆਪਣੇ ਦੁਆਲੇ ਵੀ ਉਹ
ਆਪਣੀ ਹੋਂਦ
ਸ੍ਵੈਮਾਣ ਨੂੰ ਕਾਇਮ ਰੱਖਦਿਆਂ
ਆਪਣੀ ਕੇਂਦਰੀ ਧੁਰੀ ਨੂੰ ਸਤਿਕਾਰ ਦੇਂਦਿਆਂ

ਤੇ ਸੂਰਜ ਦੁਆਲੇ ਘੁੰਮਦਿਆਂ
ਆਪਣੇ ਵਡੇਰੇ ਨੂੰ ਮਾਣ ਦੇਂਦਿਆਂ

ਖ਼ੁਦ ਨਾਲ ਜੀਂਦਿਆਂ
ਖ਼ੁਦ ਲਈ ਵੀ ਜੀਂਦਿਆਂ
ਕੁਨਬੇ ਨਾਲ ਜੁੜੇ ਰਹਿਣਾ
ਬਣ ਗਿਆ ਹੋਵੇਗਾ
ਧਰਤੀ ਉੱਤੇ ਘਰ ਵਿਚ
ਜੀਣ ਦਾ ਮੂਲ ਮੰਤਰ
•

"ਘਰ ਦੇ ਜਿਸ ਸੰਕਲਪ ਨੂੰ
ਧਰਤੀ ਲੈ ਕੇ ਆਈ ਵਿਰਸੇ ਵਿਚ
ਜ਼ਿੰਦਗੀ ਦੇ ਬੀਜ ਵਿਚ ਲਪੇਟ ਕੇ
ਉਹ...ਜ਼ਿੰਦਗੀ ਦਾ ਬਾਹਰਲਾ ਦਾਇਰਾ
ਉਸ ਦਾ ਸਰੀਰ ਬਣ ਗਿਆ"

## — ੲ —

ਆਪਣੇ ਲਈ ਜੀਂਦਿਆਂ
ਅਪਣੱਤ ਵਿਚ ਭਿੱਜ ਕੇ
ਰਿਸ਼ਤਿਆਂ ਨਾਲ ਜੁੜੇ ਰਹਿਣਾ

ਸ੍ਵੈ ਦੇ ਸੁਪਨਿਆਂ ਦੁਆਲੇ ਘੁੰਮਦਿਆਂ
ਪਰੋਏ ਰਹਿਣਾ, ਘਰ ਦੀ ਨਾਭੀ ਨਾਲ ਵੀ...

ਜੀਣ ਦਾ ਇਹ ਸੂਤਰ
ਇਸੇ ਰੂਪ ਵਿੱਚ ਰਚ ਗਿਆ
ਸਾਰੇ ਧਰਤੀ 'ਤੇ ਉਪਜਣ
ਤੇ ਜੀਣ ਵਾਲਿਆਂ ਦੇ ਅੰਦਰ

ਇਸੇ ਦੇ ਹੀ ਪੰਧਾਂ ਤੇ ਸੰਦਾਂ ਨਾਲ
ਨਿੱਜ ਸਮੇਤ, ਘਰ ਨਾਲ ਜੁੜਿਆ ਮਨੁੱਖ

ਘਰ ਦੇ ਜਿਸ ਸੰਕਲਪ ਨੂੰ
ਧਰਤੀ ਲੈ ਕੇ ਆਈ, ਵਿਰਸੇ ਵਿਚ
ਜ਼ਿੰਦਗੀ ਦੇ ਬੀਜ ਵਿਚ ਲਪੇਟ ਕੇ
ਉਹ...ਜ਼ਿੰਦਗੀ ਦਾ ਬਾਹਰਲਾ ਦਾਇਰਾ
ਉਸ ਦਾ ਸਰੀਰ ਬਣ ਗਿਆ
•

“ਸੁਤੰਤਰ ਹੋਂਦ ਵਾਲੀਆਂ ਇਕਾਈਆਂ ਦੀਆਂ
ਸਹਿਮਤੀਆਂ, ਅਸਹਿਮਤੀਆਂ ਦੇ ਬਾਵਜੂਦ
ਉਨ੍ਹਾਂ ਦੇ ਸਮੂਹਕ ਮੋਹ, ਨਾਦ ਸੰਵਾਦ
ਤੇ ਸਰੋਕਾਰਾਂ ਵਾਲੇ ਇਕ ਟੋਲੇ ਦੇ
ਇਕ ਕੁਟੰਬ ਵਿਚ ਜੁੜੇ ਹੋਣ ਦੀ
ਸੱਚਾਈ ਸਮੇਤ, ਧਰਤੀ ’ਤੇ
ਉੱਤਰ ਆਇਆ ਘਰ...”

**— ਸ —**

ਇਕਹਿਰਾ ਵਰਤਾਰਾ ਨਹੀਂ ਸੀ

ਘਰ ਦਾ ਬ੍ਰਹਿਮੰਡ ’ਚੋਂ
ਧਰਤੀ ’ਤੇ ਉੱਤਰ ਆਉਣਾ
ਤੇ ਸਾਰੇ ਜੀਵਾਂ ਪਰਜੀਵਾਂ ਅੰਦਰ
ਠਹਿਰ ਜਾਣਾ
ਇਹ...
ਇਕ ਇਕੱਠ ਸੀ, ਅਨੇਕ ਵਰਤਾਰਿਆਂ ਦਾ

ਘਰ...ਸਿਰਫ਼ ਖ਼ਾਮੋਸ਼ ਕੰਦਰਾਂ
ਜਾਂ ਕੰਧਾਂ ਤਕ ਸੀਮਤ ਨਹੀਂ ਸੀ
ਬ੍ਰਹਿਮੰਡ ’ਚੋਂ ਲੈ ਕੇ ਆਇਆ ਸੀ ਇਹ

ਉਥੇ ਵਸਦੀ...ਕਿੰਨੀ ਸਾਰੀ ਰੌਣਕ, ਬਹੁਰੰਗਤਾ
ਏਕਤਾ ਵਿਚਲੀ ਅਨੇਕਤਾ
ਤੇ ਅਨੇਕਤਾ ਦੀ ਏਕਤਾ ਵਾਲੇ
ਕਿੰਨੇ ਸਾਰੇ ਰੂਪ ਸੁਭਾਵਾਂ
ਤੇ ਉਨ੍ਹਾਂ 'ਚੋਂ ਉਪਜਦੀਆਂ ਸੰਭਾਵਨਾਵਾਂ

ਇਹ ਆਇਆ ਸੀ...
ਸਾਰੇ ਤੱਤਾਂ ਤੇ ਉਨ੍ਹਾਂ ਤੱਤਾਂ ਤੋਂ ਮਿਲ ਕੇ ਬਣਦੀਆਂ
ਸੋਚਾਂ, ਆਦਤਾਂ ਤੇ ਵਸਤਾਂ ਲੈ ਕੇ
ਤੇ ਉਨ੍ਹਾਂ ਵਸਤਾਂ ਤੋਂ ਬਣਦੇ
ਕਿੰਨੇ ਸਾਰੇ ਯੌਗਿਕਾਂ ਦੀਆਂ
ਸੰਭਾਵਨਾਵਾਂ ਤੇ ਅਕਾਂਖਿਆਵਾਂ ਲੈ ਕੇ

ਬ੍ਰਹਿਮੰਡ ਵਿਚ ਵੱਸਦੀਆਂ ਅਨੇਕ ਧਰਤੀਆਂ
ਅਨੇਕ ਆਕਾਸ਼ ਗੰਗਾਵਾਂ, ਗ੍ਰਹਿਆਂ
ਤਾਰਿਆਂ ਤੇ ਖਿੱਤੀਆਂ ਦੇ ਇਕੱਠਾਂ ਦੀਆਂ
ਸੰਭਵ ਤੇ ਅਸੰਭਵ ਪਰਿਭਾਸ਼ਾਵਾਂ ਲੈ ਕੇ
ਉਨ੍ਹਾਂ ਦੀਆਂ ਸਥਿਰਤਾਵਾਂ
ਅਨੇਕ ਤਰ੍ਹਾਂ ਦੀਆਂ ਗਤੀਆਂ
ਆਕ੍ਰਸ਼ਣ ਬਿੰਦੂਆਂ ਤੇ ਗ੍ਰਹਿ ਪੰਧਾਂ ਸਮੇਤ

ਉਨ੍ਹਾਂ ਤਾਰਿਆਂ ਧਰਤੀਆਂ ਦੇ
ਚਾਨਣ, ਹਨੇਰੇ, ਗੈਸੀ ਫੈਲਾਅ
ਇਕ ਦੂਜੇ ਵੱਲ ਝੁਕਾਅ ਤੇ ਧਕਾਅ ਦੇ ਸਮੇਤ

ਉਨ੍ਹਾਂ ਦੀਆਂ ਉਦਾਸੀਆਂ ਨਿਰਾਸ਼ਤਾਵਾਂ
ਤਿੜਕਣ ਤੇ ਅੰਬਰ ਨੂੰ ਰੌਸ਼ਨੀ ਦੀ ਲੀਕ ਦੇ
ਭੁਲਾਵੇ ਦੇ ਕੇ ਮਿਟ ਜਾਣ ਦੇ ਸੁਭਾਅ ਸਮੇਤ

ਤਾਰਿਆਂ ਦੇ ਇਕ ਦੂਜੇ ਦੇ ਰਸਤੇ ਕੱਟਣ
ਟਕਰਾਉਣ ਤੇ ਤੋੜਨ ਟੁੱਟਣ ਦੀਆਂ
ਸਾਰੀਆਂ ਆਦਤਾਂ ਸਮੇਤ

ਆਪਣੇ ਚਾਨਣ...ਉਧਾਰੇ ਚਾਨਣ
ਨੇੜਿਓਂ ਬਿਨ ਛੂਹੇ ਲੰਘ ਜਾਂਦੇ
ਅਨੇਕ ਰੰਗਾਂ ਦੇ ਚਾਨਣਾਂ ਸਮੇਤ

ਨਿੱਘ ਬਣਦੀ ਅਗਨ
ਟੁੱਟ ਟੁੱਟ ਕੇ ਮੁੜ ਬਣਦੀ ਅਗਨ
ਖ਼ੁਦ ਨੂੰ ਕਦੇ ਦੂਜਿਆਂ ਨੂੰ ਝੁਲਸਾਉਂਦੀ
ਅਥਾਹ ਅਗਨ ਸਮੇਤ

ਇਕਸਾਰ ਜਾਪਦੀ ਸਤਾਹ ਦੇ ਅਨੇਕ
ਉੱਚੇ ਨੀਵੇਂ ਟੋਏ ਜਵਾਲਾਮੁਖੀ
ਤੇ ਉਬਲਦੇ ਲਾਵਿਆਂ ਸਮੇਤ

ਆਪਣੇ ਗੁੰਮ ਆਪੇ ਅੰਦਰ ਸਿਮਟ ਕੇ
ਆਪਣੀ ਸੰਘਣਤਾ ਵਿਚ ਗੁੰਮ ਹੁੰਦੇ ਜਾਂਦੇ
ਹਰ ਬਲੈਕ ਹੋਲ ਸਮੇਤ

ਨਿੱਕੀਆਂ ਨਿੱਕੀਆਂ ਆਸਾਂ ਦੇ
ਨਵ-ਜੰਮੇ ਤਾਰਿਆਂ ਤੇ ਉਨ੍ਹਾਂ ਦੀਆਂ
ਚਿਤਵੀਆਂ ਰੌਸ਼ਨ ਸੰਭਾਵਨਾਵਾਂ ਸਮੇਤ

ਮੁੜ ਮੁੜ ਟੁੱਟਣ, ਜੁੜਨ ਤੇ ਖੁਰ ਜਾਣ ਦੇ
ਚੱਕਰਵਾਤਾਂ ਵਿਚ ਫਸੇ ਹੋਏ
ਚੰਨਾਂ ਦੀਆਂ ਚਾਨਣੀਆਂ ਸਮੇਤ

ਵੱਡੀਆਂ ਆਕਾਸ਼ ਗੰਗਾਵਾਂ ਵੱਲੋਂ
ਛੋਟੀਆਂ ਨੂੰ ਉਨ੍ਹਾਂ ਦੇ ਤਾਰਿਆਂ ਸਮੇਤ
ਨਿਗਲ ਕੇ, ਖ਼ੁਦ ਵਧਣ ਫੁੱਲਣ
ਦੇ ਸੁਭਾਅ ਸਮੇਤ ਵੀ...

ਰਿਮਝਿਮ ਵਰ੍ਹਦੇ ਹੱਸਦੇ ਗਰਜਦੇ
ਚਮਕਦੇ ਤਮ੍ਹਕਦੇ ਰੋਂਦੇ ਬੱਦਲਾਂ...
ਬਿਨ ਵਰ੍ਹੇ ਭੱਜਦੇ...ਲੁਕਦੇ ਬੱਦਲਾਂ ਸਮੇਤ ਵੀ

...ਤੇ ਇਸ ਸੱਚ ਸਮੇਤ
ਕਿ ਸਾਰੀਆਂ ਵੱਖਰਤਾਵਾਂ ਸਮਾਨਤਾਵਾਂ
ਤੇ ਉੜਾਂ-ਥੁੜਾਂ ਸਣੇ, ਸਾਰੇ ਦੇ ਸਾਰੇ
ਬ੍ਰਹਿਮੰਡ ਵਾਸੀ ਇਕ ਪਰਿਵਾਰ ਹਨ

ਤੇ ਇਵੇਂ ਦੀਆਂ ਕਿੰਨੀਆਂ ਸਾਰੀਆਂ
ਸੁਤੰਤਰ ਹੋਂਦ ਵਾਲੀਆਂ ਇਕਾਈਆਂ ਦੀਆਂ
ਸਹਿਮਤੀਆਂ ਅਸਹਿਮਤੀਆਂ ਦੇ ਬਾਵਜੂਦ
ਉਨ੍ਹਾਂ ਦੇ ਸਮੂਹਕ ਮੋਹ, ਨਾਦ ਸੰਵਾਦ
ਤੇ ਸਰੋਕਾਰਾਂ ਵਾਲੇ...ਇਕ ਟੋਲੇ
ਇਕ ਕੁਟੰਬ ਵਿਚ ਜੁੜੇ ਹੋਣ ਦੀ
ਸੱਚਾਈ ਸਮੇਤ...ਧਰਤੀ 'ਤੇ...ਜ਼ਿੰਦਗੀ ਵਿਚ
ਉਤਰ ਆਇਆ ਘਰ...
•

“ਘਰ ਨਾਲ ਜੁੜਿਆ ਕੋਈ ਵੀ
ਉਸ ਦੀ ਰੇਸ਼ਮੀ ਡੋਰ ਨਾਲ ਬੱਝਾ
ਰਾਹਾਂ ਦੀ ਸੇਧ ਨਾ ਭੁੱਲੇ...
ਨਾ ਹੀ ਇਸ ਰਿਸ਼ਤੇ ਦੇ ਪੰਧ ਤੋਂ ਭਟਕ ਕੇ
ਟੁੱਟ...ਕਿਰ...ਗੁੰਮ ਸਕੇ... ”

## — ਹ —

ਸੂਰਜ ਤੋਂ ਵਿਛੜਨ ਸਾਰ
ਉਸ ਤੋਂ ਵਿਛੜੇ ਤਾਰੇ ਤੇ ਧਰਤੀਆਂ ਲਈ
ਸੂਰਜ ਹੋ ਗਿਆ
ਜੀਵਨ ਦੀਆਂ ਕਿਰਨਾਂ ਪਸਾਰਦਾ
ਇਕ ਰੌਸ਼ਨ ਕੇਂਦਰ ਬਿੰਦੂ

ਇਕ ਐਸਾ ਆਕ੍ਰਸ਼ਣ ਬਿੰਦੂ
ਜਿਸ ਦੇ ਮੋਹ ਪਾਸ਼ ਵਿਚ ਬੱਝੇ ਤਾਰੇ
ਬਿਨ ਰੁਕਿਆਂ, ਬਿਨ ਭੁੱਲਿਆਂ
ਅਨੰਤ ਸਮਿਆਂ ਤਕ
ਤੁਰਦੇ ਰਹਿਣ...ਅਮੁੱਕ ਪੈਂਡੇ

ਤੇ ਘਰ ਨਾਲ ਜੁੜਿਆ ਕੋਈ ਵੀ
ਉਸ ਦੀ ਰੇਸ਼ਮੀ ਡੋਰ ਨਾਲ ਬੱਝਾ
ਰਾਹਾਂ ਦੀ ਸੇਧ ਨਾ ਭੁੱਲੇ...
ਨਾ ਹੀ ਇਸ ਰਿਸ਼ਤੇ ਦੇ ਪੰਧ ਤੋਂ ਭਟਕ ਕੇ
ਟੁੱਟ...ਕਿਰ...ਗੁੰਮ ਸਕੇ...

ਸੂਰਜ ਦੀ ਜਾਈ...ਉਸ ਦੇ ਘਰੋਂ ਆਈ
ਤੁਰਨ ਲੱਗੀ ਇਸ ਰਿਸ਼ਤੇ ਦੀ
ਅਪਣੱਤ ਭਰੀ ਪਗਡੰਡੀ ’ਤੇ
•

"ਘਰ ਦਿੱਤਾ ਉਸ ਆਪਣੇ ਅੰਦਰ
ਹਵਾ ਪਾਣੀ ਅਗਨ ਆਕਾਸ਼
ਤੇ ਇਨ੍ਹਾਂ ਸਾਰਿਆਂ ਦੇ ਸੰਗ ਸਾਥ ਵਿਚ
ਵੱਸੀ ਹੋਈ, ਜੀਣ ਦੀ ਲਗਨ ਨੂੰ... "

— ਕ —

ਆਪਣੀ ਮੂਲ ਮਿੱਟੀ ਦੇ
ਮੋਹ ਬੱਝੀ ਧਰਤੀ ਨੂੰ
ਵਿਛੋੜੇ ਤੋਂ ਉਪਜੇ
ਵੈਰਾਗ ਦੇ ਪਲੀਂ ਸੁੱਝਿਆ ਹੋਵੇਗਾ
ਜ਼ਿੰਦਗੀ ਲਈ ਘਰ ਦੀ ਲੋੜ ਦਾ ਸੂਤਰ
ਜਾਣਿਆ ਹੋਵੇਗਾ ਉਸ ਨੇ
ਹਰੇਕ ਸ਼ੈਅ ਤੇ ਜੀਅ ਅੰਦਰ
ਘਰ ਦੇ ਮੋਹ ਦਾ ਅਹਿਸਾਸ

...ਤੇ...ਮਮਤਾਮਈ ਹੁੰਦੀ, ਢਲ ਗਈ ਉਹ
ਕਣ...ਕਣ, ਸਾਹ...ਸਾਹ, ਘਰ ਵਿਚ
ਕਈ ਤਰ੍ਹਾਂ ਦੇ...ਘਰਾਂ
ਤੇ ਘਰਾਂ ਦੇ ਸਮੂਹਾਂ ਵਿਚ ਇਵੇਂ
ਕਿ ਘਰ ਹੋ ਗਈ ਧਰਤੀ ਸਾਰੀ

ਘਰ ਦਿੱਤਾ ਉਸ ਆਪਣੇ ਅੰਦਰ
ਹਵਾ ਪਾਣੀ ਅਗਨ ਆਕਾਸ਼
ਤੇ ਇਨ੍ਹਾਂ ਸਾਰਿਆਂ ਦੇ ਸੰਗ ਸਾਥ ਵਿਚ
ਵੱਸੀ ਹੋਈ ਜੀਣ ਦੀ ਲਗਨ ਨੂੰ

ਚਾਨਣ ਦੀ ਛੋਹ ਨਾਲ ਜਾਗ ਕੇ
ਹਨੇਰਿਆਂ ਵਿਚ ਵੀ ਗਤੀਸ਼ੀਲ
ਰਹਿਣ ਦੀ ਚਾਹਤ ਤੇ ਜ਼ਰੂਰਤ ਨੂੰ...

ਜ਼ਿੰਦਗੀ ਦੀਆਂ ਬਸਤੀਆਂ ਖ਼ਾਤਰ ਫਿਰ
ਛਾਨਣ...ਹੰਗਾਲਣ ਤੇ ਚੀਰਨ ਦਿੱਤਾ
ਅੰਗ ਅੰਗ ਆਪਣਾ...ਉਸ ਨੇ
ਅਗਨ ਪੌਣਾਂ ਪਾਣੀਆਂ ਤਕ ਨੂੰ

ਸੁੰਨ ਬਰਫ਼ ਜੜ੍ਹਾਂ
ਪੱਥਰਾਂ ਤਕ ਨੂੰ...

ਘਰ...ਬਸ...ਘਰ ਹੋ ਕੇ...!
•

"ਅੰਬਰ ਨਾਲ ਗੱਲਾਂ ਕਰਦੀ
ਹਵਾਵਾਂ ਨਾਲ ਲਹਿਰਦੀ ਝੂਮਦੀ
ਪਾਣੀਆਂ ਨਾਲ ਭਿੱਜਦੀ ਸਿੱਜਦੀ
ਧੁੱਪਾਂ ਨਾਲ ਖੇਡਦੀ ਧਰਤੀ
ਕਰਨ ਲੱਗੀ ਖ਼ੂਬਸੂਰਤ ਸ਼ਾਇਰੀ

ਲਿਖਣ ਲੱਗੀ ਮੌਸਮਾਂ ਦੇ ਸੁਰੀਲੇ ਗੀਤ
ਕਈ ਤਰ੍ਹਾਂ ਦੀਆਂ ਕਵਿਤਾਵਾਂ"

**— ਖ —**

ਇਕ ਛਿਣ ਦਾ ਆਵੇਸ਼ ਨਹੀਂ ਸੀ
ਧਰਤੀ ਦਾ ਘਰ ਬਣ ਜਾਣਾ

ਕੁਦਰਤ ਦੀ ਸਿਰਜਣਾ ਤੇ ਉਸ ਦੇ
ਕੁਦਰਤੀ ਸਿਲਸਿਲਿਆਂ ਦੀ
ਸਾਧਨਾ ਦਾ ਇਤਿਹਾਸ ਸੀ
ਇਸ ਦੇ ਪਿਛੋਕੜ ਵਿਚ

ਸੂਰਜ ਦਾ ਖ਼ੁਦ ਨੂੰ ਬਾਲ ਕੇ
ਜ਼ਿੰਦਗੀ ਦੇ ਆਸਾਰ ਸਿਰਜਣ
ਫਿਰ ਉਨ੍ਹਾਂ ਲਈ ਜੀਣ ਥੀਣ ਦੇ
ਆਹਰ ਪਾਹਰ ਦੇ ਫ਼ਿਕਰ ਵਰਗੇ ਇਤਿਹਾਸ 'ਚੋਂ

ਹੀ ਉੱਭਰਿਆ ਹੋਵੇਗਾ
ਕੁਰਬਾਨੀ ਦਾ ਜਜ਼ਬਾ ਉਸ ਵੇਲੇ
ਸੂਰਜ ਦੇ ਜਿਗਰ ਦੇ ਟੋਟੇ ਅੰਦਰ ਵੀ
ਧਰਤੀ ਬਣ ਕੇ ਰੂਪ ਧਾਰਨ ਸਾਰ ਹੀ
ਘਰ ਵਿਚ ਢਲਣ ਸਾਰ ਹੀ ਫਿਰ
ਪੁੰਗਰ ਪਏ ਹੋਣਗੇ ਉਸੇ ਪਲ
ਕਿੰਨੇ ਸਾਰੇ ਅਹਿਸਾਸਾਂ ਵਾਲੇ
ਕਿੰਨੇ ਸਾਰੇ ਰੂਪ ਧਰਤੀ ਦੇ

ਪਹਿਲਾਂ...ਸੋਮਨ ਹੋਇਆ ਹੋਵੇਗਾ
ਉਸ ਵਿਚਲਾ ਮਾਂ ਦਾ ਰੂਪ
ਆਪਣੇ ਅਥਾਹ ਉਪਜਾਊਪਨ ਸਮੇਤ
ਜ਼ਿੰਦਗੀ ਨੂੰ ਜਨਮਣ ਖਿਡਾਉਣ
ਖੁਆਉਣ ਪਿਲਾਉਣ ਤੇ ਪਾਲਣ ਲਈ

ਫਿਰ...ਉਸ ਦਾ ਵਿਧ ਮਾਤਾ ਰੂਪ
ਬੁੱਤ ਤਰਾਸ਼ੀ ਦੀ ਪਰਿਭਾਸ਼ਾ ਸਿਰਜਦਾ...
ਵਾਹੁਣ, ਸਜਾਉਣ ਤੇ ਉਲੀਕਣ ਨਕਸ਼ ਨਕਸ਼ੇ
ਜ਼ਿੰਦਗੀ ਦੇ ਰੂਪਾਂ ਆਕਾਰਾਂ ਪ੍ਰਕਾਰਾਂ ਲਈ

ਨਾਲ ਹੀ ਸੀ ਪ੍ਰਬੰਧ ਕਾਰਜ
ਜੀਵ ਆਕਾਰਾਂ ਲਈ
ਜੋੜਨੇ ਜੀਣ ਦੇ ਹੀਲੇ ਵਸੀਲੇ
ਤੇ ਨਿਸ਼ਚਿਤ ਕਰਨੇ ਜੀਣ ਖ਼ਾਤਰ
ਕੁਝ ਨਿਯਮ ਕਾਇਦੇ
ਕੁਝ ਕੋਣ ਜ਼ਾਵੀਏ
ਜੋੜਨੀਆਂ ਜੀਵਾਂ ਦੀਆਂ

ਜ਼ਿੰਦਗੀ ਦੀਆਂ ਲੜੀਆਂ ਇੰਜ
ਕਿ...ਕਿਸੇ ਇਕ ਨੂੰ ਖਾ ਕੇ
ਪਲ਼ੇ ਕੋਈ ਹੋਰ ਤੇ ਉਸ ਨੂੰ
ਖਾਵੇ ਤੇ ਜੀਵੇ ਕੋਈ ਹੋਰ

ਜੀਣ ਵੀ ਸਾਰੇ...ਸਮਤੋਲ ਦੀਆਂ
ਲੀਹਾਂ ਦੇ ਅੰਦਰੇ ਅੰਦਰ ਇਵੇਂ
ਕਿ ਸਹਿਜ ਸੁਭਾ ਚੱਲੇ ਇਹ ਵਰਤਾਰਾ
ਨਾ ਮੁਨਕਰ ਹੋਵੇ ਜੀਣ ਦੇ ਮੋਹ ਤੋਂ
ਨਾ ਹੀ ਟੁੱਟੇ ਸਿਲਸਿਲੇ ਤੋਂ ਕੋਈ

ਫਿਰ ਹੋਰ ਉੱਭਰੀ ਧਰਤੀ ਦੀ
ਕਲਪਨਾ ਸ਼ਕਤੀ ਦੀ ਵਿਸ਼ਾਲਤਾ
ਹੋਰ ਫੁੱਟਿਆ ਉਸ ਦੀ
ਕਲਾਕਾਰੀ ਦਾ ਤਲਿੱਸਮ

ਅੰਬਰ ਨਾਲ ਗੱਲਾਂ ਕਰਦੀ
ਹਵਾਵਾਂ ਨਾਲ ਲਹਿਰਦੀ ਝੂਮਦੀ
ਪਾਣੀਆਂ ਨਾਲ ਭਿੱਜਦੀ ਸਿਜਦੀ
ਧੁੱਪਾਂ ਨਾਲ ਖੇਡਦੀ ਧਰਤੀ
ਕਰਨ ਲੱਗੀ ਖ਼ੂਬਸੂਰਤ ਸ਼ਾਇਰੀ
ਲਿਖਣ ਲੱਗੀ ਮੌਸਮਾਂ ਦੇ ਸੁਰੀਲੇ ਗੀਤ
ਤੇ ਕਵਿਤਾਵਾਂ ਕਈ ਤਰ੍ਹਾਂ ਦੀਆਂ
ਮਿੱਟੀ 'ਚੋਂ ਫੁੱਟਦੇ ਰੰਗਾਂ
ਨਾਚ ਕਰਦੀਆਂ ਮਹਿਕਾਂ ਦੀਆਂ
ਹਵਾਵਾਂ ਦੀਆਂ ਤਰਜ਼ਾਂ 'ਤੇ

ਵਹਿੰਦੇ ਪਾਣੀਆਂ, ਛਲਕਦੇ ਸਾਗਰਾਂ

ਝਰਨਿਆਂ, ਪਰਬਤਾਂ, ਬਿਰਖ਼ਾਂ, ਫਲਾਂ, ਫੁੱਲਾਂ
ਸਮੁੰਦਰ ਚੁੱਕੀ...ਡੋਲਦੇ ਫਿਰਦੇ ਬੱਦਲਾਂ
ਸਾਵੇ ਮੈਦਾਨਾਂ, ਬਰਫ਼ੀਲੇ ਪਹਾੜਾਂ ਦੀਆਂ
ਲਟ ਲਟ ਬਲਦੇ ਜਵਾਲਾਮੁਖੀਆਂ ਦੇ
ਜ਼ਿੰਦਗੀ ਵਿਚ ਢਲਦੇ ਲਾਵਿਆਂ ਦੇ ਰੂਪਾਂ ਦੀਆਂ

ਖ਼ੂਬਸੂਰਤ ਦ੍ਰਿਸ਼ਾਵਲੀ ਨਾਲ ਉਸ ਦੀ
ਚਿਤਰਕਾਰੀ ਦਾ ਮੁੱਢ ਬੱਝਾ
ਸਿਰਜੇ ਗਏ ਕਈ ਹੋਰ ਰੂਪਾ-ਕਾਰ
ਬਰਫ਼ਾਂ, ਥਲਾਂ, ਬਨਸਪਤੀਆਂ ਤੇ
ਜੀਵਾਂ ਦੇ ਰੂਪਾਂ ਸਰੂਪਾਂ ਦੇ

ਮਿੱਟੀ 'ਚੋਂ ਜਾਗੇ, ਸਿਰਜੇ
ਮਿੱਟੀ 'ਤੇ ਵੱਸਦੇ...ਪੱਲਰਦੇ
ਮਿੱਟੀ ਦਾ ਖਾਜਾ ਖਾਂਦੇ ਜੀਂਦੇ
ਤੇ ਮਿੱਟੀ ਵਿਚ ਮਿੱਟੀ ਹੁੰਦੇ
ਜੀਵਾਂ ਜੀਵਾਸ਼ਮਾਂ ਦੀਆਂ ਅਥਾਹ
ਕਥਾ ਕਹਾਣੀਆਂ ਨੇ ਬੰਨ੍ਹਿਆ ਰਲ ਕੇ
ਧਰਤੀ 'ਤੇ ਸਾਹ ਲੈਣ ਵਾਲੀਆਂ
ਜ਼ਿੰਦਗੀ ਦੀਆਂ ਤੰਦਾਂ ਦੇ
ਸਮੁੱਚ ਦਾ ਮੁੱਢ
•

"ਘਰ ਛਾ ਗਿਆ ਸਮੁੱਚੀ ਜ਼ਿੰਦਗੀ ਦੇ
ਮਨ, ਸਾਹਾਂ ਸੋਚਾਂ ਤੇ
ਜੀਣ ਦੇ ਪਾਸਾਰਾਂ ਵਿਚ
ਕੁਦਰਤ ਦੀ ਇਕ ਲੀਲ੍ਹਾ ਵਾਂਗ
ਜੀਵ ਦੀ ਹੋਂਦ ਨਾਲ ਸਾਂਵਾਂ ਖੜ੍ਹ ਕੇ
ਇਕ ਸ਼ਿਰਾ ਇਕ ਧਮਣੀ
ਇਕ ਇਬਾਰਤ ਬਣ ਕੇ..."

## — ਗ —

ਧਰਤੀ 'ਤੇ ਪੁੰਗਰਦੀ
ਹੋਸ਼ ਵਿਚ ਆਉਂਦੀ
ਮਨ ਮਸਤਕ ਤੇ ਸਰੀਰ ਧਾਰਦੀ
ਜ਼ਿੰਦਗੀ ਦੀਆਂ ਅੱਖਾਂ ਖੁੱਲ੍ਹੀਆਂ
ਤੇ ਕਿਰਿਆਸ਼ੀਲਤਾ ਜਾਗੀ

ਬ੍ਰਹਿਮੰਡ ਵੱਲੋਂ ਧਰਤੀ ਦੀ ਮੁੱਠੀ ਵਿਚ
ਰੱਖੀ ਗਈ ਪੁੜੀ ਖੁੱਲ੍ਹੀ
ਵਿਚੋਂ...ਘਰ ਦੇ ਬੀਜ ਖਿੱਲਰੇ
ਪੁੰਗਰੇ ਤੇ ਫੈਲ ਗਏ...
ਜੀਵਾਂ ਦੇ ਅੰਦਰ ਫੁੱਟੇ...
ਘਰ ਦੀ ਲੋੜ ਬਣ ਕੇ...

...ਹਰੇਕ ਨੂੰ ਲੋੜੀਂਦਾ ਸੀ ਘਰ ਫਿਰ

ਛਾ ਗਿਆ ਸਮੁੱਚੀ ਜ਼ਿੰਦਗੀ ਦੇ
ਮਨ, ਸਾਹਾਂ ਸੋਚਾਂ ਤੇ
ਜੀਣ ਦੇ ਪਾਸਾਰਾਂ ਵਿਚ...ਘਰ
ਕੁਦਰਤ ਦੀ ਇਕ ਲੀਲ੍ਹਾ ਵਾਂਗ
ਜੀਵ ਦੀ ਹੋਂਦ ਨਾਲ ਸਾਂਵਾਂ ਖੜ੍ਹ ਕੇ
ਇਕ ਸ਼ਿਰਾ ਇਕ ਧਮਣੀ
ਇਕ ਇਬਾਰਤ ਬਣ ਕੇ

ਘੋਗੇ ਦੇ ਖੋਲਾਂ, ਪਰਿੰਦਿਆਂ ਦੇ ਆਲ੍ਹਣਿਆਂ
ਖੁੱਡਾਂ ਘੁਰਨਿਆਂ 'ਚੋਂ ਲੰਘਦਾ ਘਰ
ਛਾ ਗਿਆ ਮਨੁੱਖਾਂ ਦੇ ਮਹਿਲ ਮਾੜੀਆਂ
ਮਨ ਦੀ ਚਾਹਤ, ਸਰੀਰ ਦੀ ਲੋੜ
ਹੋਂਦ ਦਾ ਪਾਸਾਰਾ ਬਣ ਕੇ

ਧਰਤੀ 'ਤੇ ਵੱਸੇ ਕਿਸੇ ਵੀ ਜੀਵ ਦਾ
ਆਪਣਾ ਪਾਸਾਰਾ ਕਰਨ ਦੀ
ਹੋਂਦ ਨੂੰ ਕਿਸੇ ਆਧਾਰ ਦਾ
ਸਹਾਰਾ ਦੇਣ ਦੀ
ਬੇਬਾਕ ਚਾਹਤ ਹੋਇਆ ਘਰ
•

"ਮਨੁੱਖ ਦੇ ਘਰ ਦੇ ਮੁੱਢ ਦਾ ਬੱਝਣਾ
ਜ਼ਿੰਦਗੀ ਦੀ ਧਾਰਾ ਦੀ
ਇਕ ਨਵੀਂ ਲਹਿਰ ਦਾ ਜਨਮ ਸੀ"

**— ਘ —**

ਪੰਜਾਂ ਤੱਤਾਂ ਦੇ ਜੋੜ ਮੇਲ ਨਾਲ
ਰਚੇ ਗਏ ਮਨੁੱਖ ਨੂੰ
ਘਰ ਵੀ ਲੋੜੀਂਦਾ ਸੀ
ਪੰਜਾਂ ਤੱਤਾਂ ਦੇ ਸੁਚਾਰੂ ਮੇਲ ਤੋਂ ਬਣਿਆ
ਤਾਂ ਕਿ ਰਹਿ ਸਕਣ
ਘਰ ਦੇ ਮਨੁੱਖ ਦੋਵੇਂ
ਸਹਿਜ ਭਰੇ ਤਾਲਮੇਲ ਨਾਲ

ਇਕ ਦੇ ਸਾਹਾਂ ਦੀ ਹਵਾ ਨੇ
ਰਚਣਾ ਹੁੰਦਾ ਦੂਜੇ ਦੇ
ਸਾਹਾਂ ਨੂੰ ਜਾਂਦੀ ਪੌਣ ਵਿਚ

ਸੋ ਘਰ ਵੀ ਜੋੜਿਆ ਗਿਆ
ਮਿੱਟੀ, ਪਾਣੀ, ਅੰਬਰ
ਅਗਨ ਤੇ ਹਵਾ ਨੂੰ ਸ਼ਾਮਲ ਕਰਕੇ ਹੀ

ਇਸ ਘਰ ਨੇ ਸਿਰਜਣੇ ਸੀ
ਜ਼ਿੰਦਗੀ ਦੇ ਜੋੜ ਮੇਲ, ਆਪਣੀ ਝੋਲੀ ਵਿਚ
ਬਚਾਉਣਾ ਸੀ ਅੰਦਰ ਜੀਣ ਵਾਲਿਆਂ ਨੂੰ
ਮੌਸਮਾਂ ਖ਼ਤਰਿਆਂ ਤੇ ਦੁਸ਼ਮਣਾਂ ਤੋਂ
ਪਾਲਣਾ ਸੰਭਾਲਣਾ ਸੀ ਅਗਲੀਆਂ ਪੀੜ੍ਹੀਆਂ ਨੂੰ
ਆਸਰਾ ਬਣਨਾ ਸੀ ਜ਼ਿੰਦਗੀ ਦਾ

ਘਰ ਉਸਰਿਆ ਤੇ ਪੱਲਰਿਆ
ਬਿਰਖ਼ਾਂ ਤੋਂ ਸੂਤਰ ਲੈ ਕੇ
...ਕਿ, ਨਵੀਆਂ ਹਵਾਵਾਂ ਦੇ ਨਾਲ-ਨਾਲ
ਮਰਜ਼ੀ ਨਾਲ ਲਹਿਰਦੇ ਪੱਤੇ ਤੇ ਟਾਹਣੀਆਂ
ਜੁੜੇ ਵੀ ਰਹਿੰਦੇ ਨੇ ਜ਼ਿੰਦਗੀ ਭਰ
ਆਪਣੇ ਮੁੱਢ ਨਾਲ, ਆਪਣੇ ਘਰ ਨਾਲ

ਮਨੁੱਖ ਦਾ ਘਰ ਨਾਲ ਜੁੜਨਾ ਸੀ
ਮੋਹ, ਜ਼ਿੰਮੇਵਾਰੀਆਂ, ਮੁਸ਼ੱਕਤ
ਕੁਰਬਾਨੀਆਂ ਤੇ ਖ਼ਤਰਿਆਂ ਦੇ
ਸਮੁੱਚ ਨਾਲ ਜੁੜਨਾ
ਮਨਜ਼ੂਰ ਕਰ ਲੈਣਾ ਇਸ ਨੂੰ
ਜ਼ਿੰਦਗੀ ਦੀਆਂ ਸਾਰੀਆਂ ਭਾਵਨਾਵਾਂ, ਸੰਭਾਵਨਾਵਾਂ
ਤੇ ਉਨ੍ਹਾਂ ਦੇ ਜਮ੍ਹਾਂ ਤੇ ਮਨਫ਼ੀ ਅਸਰਾਂ ਸਮੇਤ

ਮਨੁੱਖ ਦੇ ਘਰ ਦੇ ਮੁੱਢ ਦਾ ਬੱਝਣਾ
ਜ਼ਿੰਦਗੀ ਦੀ ਧਾਰਾ ਦੀ
ਇਕ ਨਵੀਂ ਲਹਿਰ ਦਾ ਜਨਮ ਸੀ
•

"ਘਰ...ਆਪਣੇ ਪੰਜੇ ਧਰਤੀ ਵਿਚ ਖੋਭ
ਇਸ ਦੀ ਪੁਖਤਗੀ ਨਾਲ ਰਿਸ਼ਤਾ ਜੋੜਦਾ
ਧਰਤੀ ਦੀ ਪਰਤ ਵਿਚੋਂ ਉੱਠ ਕੇ
ਅੰਬਰ ਨੂੰ ਕਲਾਵੇ ਵਿਚ ਲੈਣ ਲਈ
ਕੰਧਾਂ ਦਾ ਸਫ਼ਰ ਕਰਦਾ ਕਰਦਾ
ਉੱਪਰ ਵੱਲ ਉੱਸਰਨ ਲੱਗਦਾ..."

— ੨ —

ਜਦ ਮਨੁੱਖਾਂ ਦੇ ਘਰ ਉੱਸਰਨੇ ਹੁੰਦੇ ਨੇ
ਕਿੰਨੇ ਸਾਰੇ ਸੁਪਨੇ ਉੱਠ ਖਲੋਂਦੇ ਨੇ ਅੱਖਾਂ ਮਲ਼ਦੇ
ਆਪਣੇ ਮੁਤਾਲਬਿਆਂ ਦੀਆਂ ਸੂਚੀਆਂ ਚੁੱਕੀ
ਤੇ ਕਈ ਸਾਰੀਆਂ ਸੋਚਾਂ
ਵਿਉਂਤਾਂ ਜੁਗਾੜ ਵੀ ਆਣ ਜੁੜਦੇ
ਆਪਣੇ ਸੁਝਾਵਾਂ ਦੀਆਂ ਤਫ਼ਸੀਲਾਂ ਸਮੇਤ

ਆਪਣੇ ਤੱਤਾਂ, ਨੁਕਤਿਆਂ ਦੁਆਲੇ ਘੁੰਮਦੇ ਉਹ ਸਾਰੇ
ਚਾਹਤਾਂ ਦੇ ਅਮੋੜ ਘੋੜਿਆਂ ਦੀਆਂ ਲਗਾਮਾਂ ਪਕੜੀ
ਜ਼ਿੰਦਗੀ ਦੇ ਉਸ ਟੋਟੇ 'ਤੇ ਸਵਾਰ ਹੋ
ਜੁੱਟ ਜਾਂਦੇ ਘਰ ਦੇ ਨਿਰਮਾਣ ਵਿਚ

ਘਰ...ਆਪਣੇ ਪੰਜੇ ਧਰਤੀ ਵਿਚ ਖੋਭ
ਇਸ ਦੀ ਪੁਖ਼ਤਗੀ ਨਾਲ ਰਿਸ਼ਤਾ ਜੋੜਦਾ

ਧਰਤੀ ਦੀ ਪਰਤ ਵਿਚੋਂ ਉੱਠ ਕੇ
ਅੰਬਰ ਨੂੰ ਕਲਾਵੇ ਵਿਚ ਲੈਣ ਲਈ
ਕੰਧਾਂ ਦਾ ਸਫ਼ਰ ਕਰਦਾ ਕਰਦਾ
ਉੱਪਰ ਵੱਲ ਉੱਸਰਨ ਲੱਗਦਾ

ਇਕ ਸਹਿਜ ਉਚਾਈ ’ਤੇ ਪਹੁੰਚਦਾ ਛੱਤ ਬਣਦਾ
ਜਿਥੇ ਸਿਰ ਨੂੰ ਹੋਵੇ ਆਪਣੇ ਉੱਪਰ
ਅੰਬਰ ਵਰਗਾ ਟੋਟਾ ਹੋਣ ਦਾ ਅਹਿਸਾਸ
ਤੇ ਬਿਨਾਂ ਸਿਰ ਨਾਲ ਟਕਰਾਏ
ਉਹ ਛੱਤ ਬਚਾਈ ਵੀ ਰੱਖੇ
ਅੰਦਰ ਰਹਿਣ ਵਾਲਿਆਂ ਨੂੰ
ਅਸਮਾਨੀ ਗੁੱਸੇ ਦੀਆਂ ਲਹਿਰਾਂ ਤੋਂ...

ਧਰਤੀ ਤੇ ਅੰਬਰ ਦੀ ਇਸ
ਆਪਸੀ ਦੋਸਤੀ ਵਿਚਕਾਰ ਸਿਰਜੇ ਗਏ
ਸੁਰੱਖਿਆ ਦੇ ਅਹਿਸਾਸ ਦੇ ਵਿੱਚ ਵਿਚਾਲੇ
ਫਰਸ਼ ਤੋਂ ਅਰਸ਼ ਤੇ ਕੰਧਾਂ ਦੇ ਵਿਚਕਾਰ
ਚਿਣਿਆ ਜਾਂਦਾ, ਚਾਵਾਂ ਤੇ ਇਛਾਵਾਂ ਦਾ
ਲੋੜੀਂਦਾ ਅਣਲੋੜੀਂਦਾ ਕਿੰਨਾ ਸਾਰਾ ਨਿਕਸੁਕ

ਘਰ ਵਿਚ ਅਗਨ ਵੀ ਵੱਸਦੀ
ਕੁਝ ਭੁੱਖਾਂ ਮਿਟਾਉਂਦੀ, ਕੁਝ ਜਗਾਉਂਦੀ
ਕੁਝ ਨਾਲ ਸਿੱਝਣ ਲਈ ਸ਼ਕਤੀ ਉਪਜਾਉਂਦੀ

ਮਨਾਂ ਤੇ ਸਰੀਰਾਂ ਦੀ ਅਗਨ
ਆਪਣੇ ਜ਼ਾਵੀਏ, ਆਪਣੀਆਂ ਇਬਾਰਤਾਂ ਜੋੜਦੀ
ਕੁਝ ਤੋੜਦੀ, ਰਾਖ ਕਰਦੀ ਤੇ ਛੱਡ ਦਿੰਦੀ

ਉਸਾਰੀ ਤੋਂ ਅੰਤ ਤਕ ਘਰ ਦੇ

ਹਰੇਕ ਕਣ, ਅਣੂ ਦੇ ਅੰਦਰ
ਤੇ ਰਹਿਣ ਵਾਲਿਆਂ ਦੇ ਮਨ ਅੱਖਾਂ
ਸਰੀਰ ਤਕ, ਪਾਣੀ ਛਲਕਦੇ
ਘਰ ਦੀ ਕੋਮਲਤਾ ਵਿਚ ਵਿਚਰਦੇ ਵਹਿੰਦੇ...ਸੁੱਕਦੇ
ਤੜਪਣ ਭਟਕਣ ਨੂੰ ਸ਼ਾਂਤ ਕਰਦੇ
ਰਵਾਨੀ ਨਾਲ ਖੋਰਦੇ ਖੜੋਤਾਂ
ਕਦੇ ਸਿੰਮਣ ਲੱਗਦੇ ਸਾਹਾਂ ਵਿਚੋਂ
ਹੁੰਮਸ ਦੇ ਹੜ੍ਹ ਬਣ

ਪੌਣ ਰਹਿੰਦੀ, ਵਹਿੰਦੀ, ਖਹਿੰਦੀ
ਸਾਰੇ ਤੱਤਾਂ ਦੇ ਨਾਲ-ਨਾਲ
ਘਰ ਤੇ ਘਰ ਵਿਚ ਰਹਿਣ ਵਾਲਿਆਂ ਦੇ
ਸਾਹਾਂ, ਕਾਰਾਂ ਵਿਹਾਰਾਂ ਤੇ ਨੁਹਾਰਾਂ ਵਿਚਕਾਰ
ਤੇ ਪ੍ਰਵਾਹ ਦੇਂਦੀ ਜ਼ਿੰਦਗੀ ਨੂੰ
ਰੰਗਲੇ ਗੁਬਾਰਿਆਂ, ਹਉਂ ਦੇ ਚੁਬਾਰਿਆਂ
ਤੇ ਸਾਰੇ ਵਰਤ ਵਰਤਾਰਿਆਂ ਦੇ ਵਿਚਕਾਰ

ਸਹਿਜ ਸੁਭਾਅ, ਲੱਗਦੀ ਵਾਹ
ਪੰਜੇ ਤੱਤ ਘਰ ਤੇ ਘਰ ਵਾਲਿਆਂ ਵਿਚਾਲੇ
ਜੀਣ ਦੀਆਂ ਸਮਰੱਥ ਤੰਦਾਂ ਜੋੜਦੇ
ਸਾਂਝੇ ਜੋੜ ਮੇਲ ਦੀਆਂ ਧਾਰਾਵਾਂ ਵਹਿੰਦੀਆਂ ਰੱਖਦੇ
•

"ਅਗਨ ਤੇ ਪਾਣੀ ਨੇ ਸਿਰਜਿਆ ਹੁੰਦਾ
ਇਕ ਸਹਿਜ ਜਿਹਾ ਤਾਲਮੇਲ
ਵਿਰੋਧੀ ਤੱਤ ਹੁੰਦਿਆਂ
ਇਕ ਸਮਤੋਲ ਦੀ ਪਰਿਭਾਸ਼ਾ ਬਣ ਕੇ... "

## — ਚ —

ਕੁਝ ਹੋਰ ਵਿਸਥਾਰ ਹੋਣਾ ਹੁੰਦਾ
ਨਿਰਮਾਣ ਹੋਏ ਘਰ ਦਾ ਹੌਲੀ-ਹੌਲੀ
ਘਰ ਤੇ ਘਰ ਵਿਚ ਜੀਣ ਵਾਲਿਆਂ ਦੇ
ਤੱਤਾਂ ਦੀਆਂ ਸਾਂਝੀਆਂ ਸੁਰਾਂ ਨਾਲ

ਇਸ ਵਾਸਤੇ
ਧਰਤੀ ਉੱਤੇ ਮਿੱਟੀ ਨੂੰ ਪਾਏ ਜਾਂਦੇ
ਮਰਮਰੀ...ਸਰਸਰੀ ਜਾਂ ਕੋਈ ਹੋਰ ਵਸਤਰ
ਪੁਖਤਗੀ ਨੂੰ ਉਛਾੜ ਪਾਉਣ ਵਾਂਗ
ਪੈਰਾਂ ਲਈ ਸਿਰਜੀ ਜਾਂਦੀ ਸਮਤਲ ਸਤਾਹ
ਕਿ...ਟਿਕ ਸਕਣ ਸਮਤੋਲ ਵਿਚ
ਘਰ ਤੇ ਮਨੁੱਖ ਦੋਵੇਂ

ਤੇ ਸਹਿਜ ਨਿਭ ਸਕਣ
ਧਰਤੀ ਦੀ ਸਮਾਂਤਰਤਾ ਨਾਲ

ਫਿਰ ਕੀਤਾ ਜਾਂਦਾ ਜੁਗਾੜ
ਮੰਜਿਆਂ ਬਿਸਤਰਿਆਂ ਦਾ
ਥੱਕੇ ਸਰੀਰਾਂ ਨੂੰ ਸਹਾਰਾ
ਨੀਂਦਾਂ ਨੂੰ ਇਸ਼ਾਰਾ ਦੇਣ ਲਈ

ਇਸ ਕਾਰਜ ਵਿਚ ਸ਼ਾਮਲ ਹੁੰਦੇ
ਕੁਝ ਨਰਮ ਕੋਮਲ ਸਿਰਹਾਣੇ
ਚਕਰਾਏ ਸਿਰਾਂ ਦੇ ਚੱਕਰ ਸੋਖ ਲੈਣ ਲਈ
ਮਨਾਂ 'ਚੋਂ ਉਛਲਦੇ ਅੱਥਰੂਆਂ ਦੇ
ਚਸ਼ਮੇ ਸੀਪ ਲੈਣ ਵਾਸਤੇ...
ਇਨ੍ਹਾਂ ਦੇ ਉਛਾੜ ਵੀ ਹੁੰਦੇ
ਜੋ ਆਸਾਨੀ ਨਾਲ ਬਦਲੇ ਜਾ ਸਕਦੇ
ਜਿਵੇਂ ਬਦਲੇ ਜਾ ਸਕਦੇ ਸਹਿਜਤਾ ਨਾਲ
ਚਿਹਰਿਆਂ ਦੇ ਨਕਾਬ ਤੇ ਰੂਪ
ਇਕ ਤੋਂ ਦੂਜੇ ਭਾਵ ਵਿਚ ਜਾਣ ਲਈ
ਤੇ ਸੋਚਾਂ ਨੂੰ ਢੱਕਣ ਵਾਸਤੇ

ਧਰਤੀ ਤੋਂ ਉੱਠੀਆਂ ਕੰਧਾਂ ਨੇ
ਚੁੱਕਿਆਂ ਹੁੰਦਾ ਕੰਧਾੜੇ
ਕਈ ਖਾਨਿਆਂ ਤੇ ਅਲਮਾਰੀਆਂ ਨੂੰ
ਅਨੇਕ ਲੋੜੀਂਦੀਆਂ, ਅਣ-ਲੋੜੀਂਦੀਆਂ ਵਸਤਾਂ ਸਣੇ
ਮੋਹ ਤੇ ਜ਼ਿੰਮੇਵਾਰੀਆਂ ਦਾ
ਕਿੰਨਾ ਸਾਰਾ ਜਮ੍ਹਾਂ ਖਰਚ ਸੰਭਾਲ ਕੇ

ਘਰ ਦੀਆਂ ਕੰਧਾਂ 'ਚੋਂ ਹੀ ਖੁੱਲ੍ਹਦੇ
ਮਨ ਅੰਦਰ ਵਾਂਗ ਹੀ

ਬਾਹਰ ਦੀ ਦੁਨੀਆ ਵੱਲ ਖੁੱਲ੍ਹਦੇ
ਦਰਵਾਜ਼ੇ ਤੇ ਬਾਰੀਆਂ
ਜਿਨ੍ਹਾਂ ਰਾਹੀਂ ਘਰ ਬਾਹਰਲੇ ਚਾਨਣ ਨਾਲ
ਰੂਬਰੂ ਹੋ ਕੇ ਗੁਫ਼ਤਗੂ ਕਰਦਾ
ਕੰਧਾਂ ਦੇ ਅੰਦਰਲੀ ਗੁੰਮਸ਼ੁਦਗੀ ਤੋੜਦਾ

ਬੂਹੇ ਬਾਰੀਆਂ ਤੇ ਲਟਕਦੇ ਸਰਕਦੇ
ਓਹਲਿਆਂ ਦਾ ਕਾਰੋਬਾਰ ਕਰਦੇ
ਖ਼ੂਬਸੂਰਤ ਪੜਦਿਆਂ ਦੇ ਜੁਗਾੜ ਹੁੰਦੇ
ਲੁਕੀਆਂ ਭਾਵਨਾਵਾਂ ਦੀਆਂ ਤਹਿਆਂ ਵਿਚਾਲਿਓਂ
ਕਬਾੜ ਜਿਹਾ ਕਈ ਕੁਝ ਲੁਕਾਉਣ
ਤੇ ਕਈ ਕੁਝ ਦਿਖਾਉਣ ਵਾਸਤੇ

ਅਗਨ ਤੇ ਪਾਣੀ ਨੇ ਸਿਰਜਿਆ ਹੁੰਦਾ
ਇਕ ਸਹਿਜ ਤਾਲਮੇਲ
ਵਿਰੋਧੀ ਤੱਤ ਹੁੰਦਿਆਂ
ਇਕ ਸਮਤੋਲ ਦੀ ਪਰਿਭਾਸ਼ਾ ਸਿਰਜ ਕੇ
ਘਰ ਦੇ ਅੰਦਰ, ਘਰ ਦੀ ਖ਼ਾਤਰ
ਜੋੜਦਿਆਂ ਤੋੜਦਿਆਂ ਇਕ ਦੂਜੇ ਨੂੰ
ਸੁਖਾਵੇਂ ਜੋੜ ਮੇਲ ਦਾ ਸੁਨੇਹਾ ਬਣ ਕੇ

ਘਰ ਦੇ ਅੰਦਰ, ਕਿਸੇ ਪਾਸੇ ਹੋ ਸਕਦਾ
ਵਿਹੜੇ ਦਾ ਛੱਤ ਬਣਨੋਂ ਬਚਿਆ ਟੋਟਾ
ਅੰਬਰ ਦੀ ਵਿਸ਼ਾਲਤਾ ਮਾਪਦਾ
ਚੰਨ ਤਾਰਿਆਂ ਦੇ ਸੁਨੇਹੇ ਚਿਤਾਰਦਾ
ਬਚਾਉਂਦਾ ਘਰ ਵਿਚ ਰਹਿਣ ਵਾਲਿਆਂ ਨੂੰ
ਆਪਣੇ ਵਿਚਾਰਾਂ ਵਿਹਾਰਾਂ ਦੀ ਘੁਟਣ

ਨਾਕਾਮੀਆਂ, ਗੁਮਨਾਮੀਆਂ ਤੇ ਨੇਕ-ਨਾਮੀਆਂ ਵਿਚ
ਉਲਝ ਕੇ ਗੁੰਮ ਜਾਣ ਤੋਂ

ਘਰ ਵਿਚ ਆਉਂਦੀ ਬੇ-ਰੋਕ ਬੇ-ਟੋਕ ਹਵਾ
ਜ਼ਿੰਦਗੀ ਦੀ ਡੋਰ, ਰੂਹੇ-ਰਵਾਂ ਬਣਦੀ
ਨਿਕਾਸ ਕਰਦੀ ਘਰ ਅੰਦਰਲੇ ਧੂੰਏਂ ਦਾ

ਇਵੇਂ ਕਾਰਜਸ਼ੀਲ ਰਹਿੰਦਿਆਂ ਘਰ
ਮੌਸਮਾਂ ਨਾਲ ਘੋਲ ਕਰਦਿਆਂ
ਜੀਆਂ ਦੇ ਸਫ਼ਰ ਮੱਤੇ ਥੱਕੇ ਪੈਰ
ਨਿਢਾਲ ਸਰੀਰਾਂ ਨੂੰ ਨੀਂਦ ਦੀਆਂ ਗਲੀਆਂ ਘੁਮਾ
ਕਦੇ ਜਾਗ ਦੇ ਬੂਹੇ ਖੋਲ੍ਹ
ਪੂਰੀ ਜਾਨ ਨਾਲ ਫਿਰ ਤੋਂ
ਤੁਰਨ ਲਈ ਤਿਆਰ ਕਰਦਾ
ਘਰ ਦੀ ਧੁਰੀ ਦੁਆਲੇ ਘੁੰਮਦਿਆਂ
ਹੋਰ ਧੁਰੀਆਂ ਨਾਲ ਤਾਲਮੇਲ ਵਿਚ ਰਹਿਣ ਵਾਸਤੇ
•

"ਉਹ ਨਹੀਂ ਮੰਨਦੇ ਕਿ ਕਾਗ਼ਜ਼ ਦੇ ਟੋਟੇ ਤੇ
ਕਿਸੇ ਦੇ ਨਾਮ ਲਿਖ ਦੇਣ ਨਾਲ
ਉਹ ਧਰਤੀ ਦਾ ਟੋਟਾ ਉਸ ਦਾ ਹੋ ਜਾਂਦਾ
ਤੇ...ਏਨਾ ਉਸ ਦਾ...ਕਿ ਬਦਲ ਹੀ ਦੇਵੇ ਉਹ
ਉਸ ਹਿੱਸੇ 'ਤੇ...ਕੁਦਰਤ ਦੇ ਵਿਧੀ ਵਿਧਾਨ ਸਾਰੇ..."

**— ਛ —**

ਜਦੋਂ ਮਨੁੱਖਾਂ ਦੇ ਘਰ ਉੱਸਰਦੇ ਨੇ
ਮਰਮਰੀ ਫ਼ਰਸ਼...ਖ਼ੂਬਸੂਰਤ ਰੰਗ
ਪਾਰਦਰਸ਼ੀ ਚਮਕਦਾਰ ਸ਼ੀਸ਼ੇ
ਤੇ ਅਨੇਕ ਤਰ੍ਹਾਂ ਦੇ
ਆਧੁਨਿਕ ਜੁਗਾੜਾਂ ਨਾਲ
ਲੈਸ ਕਰਕੇ ਸਜਾਇਆ ਜਾਂਦਾ ਉਨ੍ਹਾਂ ਨੂੰ...

ਕੁਝ ਹੀ ਦਿਨਾਂ ਪਿੱਛੋਂ...
ਲਿਸ਼ਕੇ ਪੁਸ਼ਕੇ ਘਰਾਂ ਵਿਚ
ਨਜ਼ਰ ਆਉਣ ਲੱਗਦੇ
ਅਣ-ਕਿਆਸੇ ਅਣਚਾਹੇ ਪ੍ਰਾਹੁਣੇ
ਕੀੜੀਆਂ, ਮੱਛਰ, ਸਿਉਂਕ, ਕਾਕਰੋਚ
ਚੂਹੇ, ਕੰਨਖਜੂਰੇ ਤੇ ਕਈ ਕੁਝ ਹੋਰ...

ਕਿਤੇ ਸਿਰ ਕੱਢ ਲੈਂਦਾ ਸਾਵਾ ਘਾਹ
ਤੇ ਹੋਰ ਜੰਗਲੀ ਬਨਸਪਤੀ
ਨਾਲ ਉਨ੍ਹਾਂ ਦੇ ਕੀਟ, ਜੀਵਾਣੂ ਵਿਸ਼ਾਣੂ ਕਈ
ਫਿਰ ਚਿੜੀਆਂ, ਬੁਲਬੁਲਾਂ ਤੇ ਕਬੂਤਰ ਆਦਿ
ਘੁੰਮਣ ਫਿਰਨ ਲੱਗਦੇ
ਘਰਾਂ ਦੇ ਓਹਲਿਆਂ ਦੇ ਅੰਦਰ ਬਾਹਰ
ਪੂਰੇ ਮਾਣ-ਅਧਿਕਾਰ ਨਾਲ
ਆਪਣੇ ਹੀ ਕਾਇਦਿਆਂ ਤੇ ਆਦਤਾਂ ਸਮੇਤ

ਜਾਂਦੇ ਵੀ ਨਹੀਂ ਉਹ ਛੱਡ ਕੇ ਘਰਾਂ ਨੂੰ
ਮਨੁੱਖਾਂ ਵੱਲੋਂ ਹੁੰਦੇ, ਹਮਲਿਆਂ ਦੇ ਬਾਵਜੂਦ
ਕਿਉਂਕਿ ਉਹ ਪੂਰੇ ਵਿਸ਼ਵਾਸ ਨਾਲ ਮੰਨਦੇ
ਕਿ ਧਰਤੀ ’ਤੇ ਬਣਿਆ ਹਰੇਕ ਘਰ
ਉਨ੍ਹਾਂ ਦਾ ਵੀ ਓਨਾ ਹੀ ਹੋਣਾ ਬਣਦਾ
ਜਿੰਨਾ ਆਦਮਜ਼ਾਤ ਦਾ
ਉਹ ਤਾਂ ਪੁਰਾਣੇ ਨੇ ਧਰਤੀ ਉੱਤੇ
ਕਿਤੇ ਪੁਰਾਣੇ ਮਨੁੱਖ ਨਾਲੋਂ ਵੀ
ਆਦਿ ਰਹਿਣੀ ਬਹਿਣੀ ਨਾਲ ਜੀਂਦੇ ਮੂਲਵਾਸੀ

ਉਹ ਨਹੀਂ ਮੰਨਦੇ ਕਿ ਕਾਗ਼ਜ਼ ਦੇ ਟੋਟੇ ’ਤੇ
ਕਿਸੇ ਦੇ ਨਾਮ ਲਿਖ ਦੇਣ ਨਾਲ
ਉਹ ਧਰਤੀ ਦਾ ਟੋਟਾ ਉਸ ਦਾ ਹੋ ਜਾਂਦਾ
ਤੇ ਏਨਾ ਉਸ ਦਾ, ਕਿ ਬਦਲ ਹੀ ਦੇਵੇ ਉਹ
ਉਸ ਹਿੱਸੇ ਤੇ ਕੁਦਰਤ ਦੇ ਵਿਧੀ ਵਿਧਾਨ ਸਾਰੇ

ਪੂੰਝ ਦੇਵੇ ਮੌਸਮਾਂ ਨੂੰ
ਤੇ ਮੂਲ ਬਾਸ਼ਿੰਦਿਆਂ ਨੂੰ ਵੀ ਕਰ ਦੇਵੇ

ਉਨ੍ਹਾਂ ਦੀਆਂ ਬਸਤੀਆਂ ਸਮੇਤ ਬੇ-ਘਰ

ਉਹ ਤਾਂ ਚੱਲਦੇ, ਕੁਦਰਤ ਦੇ
ਉਨ੍ਹਾਂ ਦੇ ਮਨਾਂ ਅੰਦਰ
ਸਰੀਰਾਂ ਮੁਤਾਬਕ ਰੱਖੇ ਜੈਵਿਕ ਵਿਧਾਨ ਨੂੰ ਹੀ
ਜਿਸ ਨਾਲ ਉਨ੍ਹਾਂ ਨੇ
ਕੋਈ ਰੋਲ ਘਚੋਲਾ ਨਹੀਂ ਕੀਤਾ
ਕਦੇ ਵੀ ਮਨੁੱਖਾਂ ਵਾਂਗ

ਉਹ ਮੰਨਦੇ, ਕਿ ਧਰਤੀ ਉਨ੍ਹਾਂ ਦੀ ਵੀ ਹੈ
ਤੇ ਰੱਖਣੀ ਵੀ ਇਵੇਂ ਹੀ ਚਾਹੁੰਦੇ ਇਸ ਨੂੰ
ਜਿਵੇਂ ਮੁੱਢੋਂ ਬਣੀ ਇਹ

ਸੋ, ਉਹ ਜੱਦੀ ਪੁਸ਼ਤੀ ਘਰਾਂ ਨੂੰ
ਛੱਡ ਕੇ ਨਹੀਂ ਜਾਂਦੇ ਕਿਤੇ
ਯਕੀਨ ਨਾਲ ਮੰਨਦਿਆਂ
ਤੇ ਪਹਿਰਾ ਵੀ ਦੇਂਦਿਆਂ ਇਸ ਨਿਯਮ ’ਤੇ
ਕਿ, ਕਿਸੇ ਇਕੱਲੇ ਦਾ ਨਹੀਂ ਹੁੰਦਾ
ਧਰਤੀ ਉੱਤੇ ਬਣਿਆ ਕੋਈ ਵੀ ਘਰ...
•

“ਧਰਤੀ ’ਤੇ ਉੱਸਰੇ ਘਰ ਵਿਚ
ਕੁਦਰਤ ਦਾ ਟੋਟਾ
ਗੁਜ਼ਰ ਚੁੱਕਾ ਹੁੰਦਾ...ਕਈ ਸਮਝੌਤਿਆਂ
ਸਹਿਮਤੀਆਂ ਤੇ ਅਨੁਸ਼ਾਸਨ ਦੀ ਪ੍ਰਕਿਰਿਆ ’ਚੋਂ... ”

## — ਜ —

ਧਰਤੀ ’ਤੇ ਉੱਸਰੇ ਘਰ ਵਿਚ
ਕੁਦਰਤ ਦਾ ਟੋਟਾ
ਗੁਜ਼ਰ ਚੁੱਕਾ ਹੁੰਦਾ...ਕਈ ਸਮਝੌਤਿਆਂ
ਸਹਿਮਤੀਆਂ ਤੇ ਅਨੁਸ਼ਾਸਨ ਦੀ ਪ੍ਰਕਿਰਿਆ ’ਚੋਂ...

ਸਵੀਕਾਰ ਕੀਤਾ ਹੁੰਦਾ ਧਰਤੀ ਨੇ
ਆਪਣੇ ਸੀਨੇ ਦੇ ਖੁੱਲ੍ਹੇਪਣ ਉੱਤੇ
ਉਸਰ ਜਾਣ ਦੇਣੇ ਕੁਝ ਹਨੇਰੇ ਕੋਣੇ
ਜਿਨ੍ਹਾਂ ਵਿਰਵਾ ਕਰ ਦੇਣਾ ਹੁੰਦਾ
ਮਿੱਟੀ ਦੇ ਉਸ ਟੋਟੇ ਨੂੰ
ਕੁਦਰਤ ਦੇ ਕਿੰਨੇ ਸਾਰੇ
ਕ੍ਰਿਸ਼ਮਈ ਵਰਤਾਰਿਆਂ ਤੋਂ

ਲੁਕ ਜਾਣਾ ਹੁੰਦਾ ਨਜ਼ਰ 'ਚੋਂ
ਬੱਦਲਾਂ ਨਾਲ ਚਿੱਤਰਿਆ ਅੰਬਰ
ਉਸ 'ਚੋਂ ਬਰਸਦੀ ਛਹਿਬਰ
ਧੁੱਪ ਦੇ ਤਲਿਸਮੀ ਸੁਨਹਿਰੀ ਪਨ ਦੀ ਥਾਂ
ਹੋ ਜਾਣੀ ਹੁੰਦੀ ਮਸਨੂਈ ਰੰਗਾਂ ਦੀ ਲਿੰਬ ਪੋਚ
ਤੇ ਹਰਿਆਲੀ ਦੀ ਸੀਤਲਤਾ ਦੀ ਥਾਂ ਤੇ
ਹੋਣੇ ਹੁੰਦੇ ਪਥਰੀਲੇ ਪੱਥਰਾਂ 'ਚੋਂ
ਫੁੱਟਦੇ ਭੰਬਰ ਤਾਰੇ

ਉੱਗਣਾ ਵੀ ਹੋਵੇ ਹਰਿਆਲੀ ਨੇ
ਤਾਂ ਨਿਸ਼ਚਿਤ ਕਤਾਰਾਂ ਵਿਚ ਖੜ੍ਹ ਕੇ
ਮਨੁੱਖਾਂ ਦੀ ਮਨਪਸੰਦੀ ਅਨੁਸਾਰ ਹੀ...

ਪਾਣੀ 'ਤੇ ਹਵਾ 'ਤੇ ਵੀ ਹੋ ਜਾਣਾ ਹੁੰਦਾ
ਰੋਕਾਂ-ਟੋਕਾਂ ਦਾ ਵਿਧੀ ਵਿਧਾਨ ਲਾਗੂ

ਇਉਂ ਬਣਿਆ ਘਰ ਵੀ
ਸ਼ੁਕਰਗੁਜ਼ਾਰੀ ਦੀ ਉਮੀਦ ਕਰਦਾ
ਘਰ ਵਿਚ ਰਹਿਣ ਵਾਲਿਆਂ ਕੋਲੋਂ
ਸਾਰੇ ਆੜ ਜੁਗਾੜ ਖ਼ਾਤਰ
ਕੀਤੀ ਕੁਰਬਾਨੀ ਵਾਸਤੇ

ਉਹ ਚਾਹੁੰਦਾ, ਮਨੁੱਖ
ਕੰਧਾਂ ਦਾ ਵੀ ਸ਼ੁਕਰਗੁਜ਼ਾਰ ਹੋਵੇ
ਧਰਤੀ ਤੋਂ ਅੰਬਰ ਵੱਲ ਉੱਠਣ ਦੀ ਸੇਧ ਦੇਣ
ਤੇ ਵਿਸ਼ਵਾਸ ਯੋਗ ਓਹਲੇ ਦੀ ਤਸੱਲੀ ਕਰਕੇ

ਛੱਤ ਬਾਰੇ ਸੋਚਦਿਆਂ—ਇਹ...
ਸਿਰਫ਼ ਕੰਧਾਂ ਦੇ ਮੋਢਿਆਂ 'ਤੇ ਧਰੀ

ਇਕ ਹੋਰ ਕੰਧ ਹੀ ਨਹੀਂ ਹੁੰਦੀ
ਇਕ ਰਾਬਤਾ, ਸਵੀਕਾਰਨਯੋਗ ਪੜਦਾ ਹੁੰਦਾ
ਧਰਤੀ ਤੇ ਅੰਬਰ ਵਿਚਾਲੇ
ਆਸਰੇ ਦੀਆਂ ਕਦਰਾਂ-ਕੀਮਤਾਂ ਨਾਲ ਬੁਣਿਆ

ਵਿਹੜਾ ਘਰ ਦਾ...ਨਿਵੇਕਲਾ ਸੂਤਰ ਹੁੰਦਾ
ਹਨੇਰੀਆਂ ਬੰਦ ਡੱਬੀਆਂ 'ਚੋਂ ਨਿਕਲ ਕੇ
ਚੰਦ ਤਾਰਿਆਂ, ਜੁਗਨੂੰਆਂ ਨਾਲ ਗੱਲਾਂ ਕਰਦਿਆਂ
ਸੁਪਨ-ਪਗਡੰਡੀਆਂ ਦੇ ਸਫ਼ਰਾਂ ਵਾਸਤੇ
ਤੇ ਅੰਦਰਲੇ ਦਮ ਘੋਟੂ ਧੂੰਏਂ ਦੀ ਨਿਕਾਸੀ ਲਈ ਵੀ

ਮੌਸਮਾਂ ਦੀਆਂ ਵਧੀਕੀਆਂ ਨਾਲ ਦਸਤਪੰਜਾ ਲੈਂਦਿਆਂ
ਕੁਰਬਾਨੀ ਤੇ ਸਹਿਣਸ਼ੀਲਤਾ ਦੇ
ਹੌਸਲੇ ਭਰੇ ਸੰਤੁਲਨ ਦਾ ਸਬਕ
ਪਸਾਰਦਾ ਘਰ
ਘਰ ਵਿਚ ਰਹਿਣ ਵਾਲਿਆਂ ਵਾਸਤੇ
•

“ਘਰ ਜ਼ਿੰਦਗੀ ਦੇ ਸਬਕ ਦੇਂਦੀ ਸਿੱਖਣਗਾਹ
ਇਕ ਸ਼ਰਨਗਾਹ, ਪਾਠਸ਼ਾਲਾ
ਇਕ ਗੁਰੂਕੁਲ ਹੁੰਦਾ...”

— ਝ —

ਘਰ ਇਕ ਸੁਹਿਰਦ ਦੋਸਤ
ਸਮਰੱਥ ਅਧਿਆਪਕ ਹੁੰਦਾ
ਆਪਣੇ ਸਹਿਜ ਟਿਕਾਅ ਵਿਚ ਲੀਨ
ਉਹ ਸਾਨੂੰ ਕੁਰੇਦ ਕੁਰੇਦ...ਏਨਾ ਪੜ੍ਹ ਲੈਂਦਾ
ਕਿ ਜ਼ੁਬਾਨੀ ਯਾਦ ਹੋ ਜਾਂਦੇ ਉਸ ਨੂੰ ਅਸੀਂ

ਉਹ ਜਾਣਦਾ ਸਾਡੀਆਂ ਸੋਚਾਂ ਵਿਚ ਵੱਸੀਆਂ
ਆਦਤਾਂ ਬਣੀਆਂ ਬੇਚੈਨੀਆਂ
ਤੇ ਉਨ੍ਹਾਂ ਦੇ ਉਹਲਿਆਂ ਵਿਚ
ਹੰਝੂਆਂ ਵਿਚ ਰੁੜ੍ਹਦੇ ਤਾਰਿਆਂ ਦੀਆਂ
ਵਿਦਾਇਗੀ ਦੇ ਪਲਾਂ ਦੀਆਂ ਤਸਵੀਰਾਂ ਤਕ

ਉਹ ਜਾਣਦਾ
ਸਾਡੇ ਅੰਦਰ ਝੁਲਦੀਆਂ ਹਨੇਰੀਆਂ ਨਾਲ

ਜੂਝਦੇ ਆਸਾਂ ਦੇ ਦੀਵਿਆਂ ਬਾਰੇ
ਤੇ ਬਿਖੜੀਆਂ ਪਗਡੰਡੀਆਂ ਤੇ ਥਿੜਕਦੀਆਂ
ਤਕਦੀਰਾਂ ਘੜਨ ਤੁਰੀਆਂ ਤਦਬੀਰਾਂ ਬਾਰੇ ਵੀ

ਪਰ ਘਰ ਸਮਰੱਥ ਹੁੰਦਾ
ਆਪਣਾ ਫ਼ਰਜ਼ ਨਿਭਾਉਣ ਵਿਚ
ਰੁਕੀ ਜ਼ਿੰਦਗੀ ਨੂੰ ਵਹਾਅ
ਵਹਾਅ ਨੂੰ ਦਿਸ਼ਾ ਤੇ ਦਿਸ਼ਾਵਾਂ ਨੂੰ
ਮੰਜ਼ਿਲਾਂ ਦੇ ਰਸਤਿਆਂ 'ਤੇ ਪਾਉਣ ਦੇ

ਇਕ ਮਾਜੂਨ ਬਣ ਕੇ
ਸ਼ਕਤੀ ਦੇ ਸਕਦਾ ਉਨ੍ਹਾਂ ਕਦਮਾਂ ਨੂੰ
ਜੋ ਜ਼ਿੰਦਗੀ ਦੇ ਹਠੀਲੇ ਆਕਾਰ ਘੜਨ ਲਈ
ਫ਼ਿਕਰਾਂ ਤੇ ਬੇਫ਼ਿਕਰੀਆਂ ਵਿਚਕਾਰ
ਰਸਤੇ ਬਣਾਉਂਦੇ ਤੇ ਜਾਚ ਸਿਖਾਉਂਦੇ
ਉਨ੍ਹਾਂ 'ਤੇ ਤੁਰਨ ਦੀ

ਘਰ ਇਕ ਮੰਤਰ ਹੁੰਦਾ
ਮਨੁੱਖ ਦੀਆਂ ਮੂੰਹ-ਜ਼ੋਰ ਇਛਾਵਾਂ ਲਈ
ਕਿ, ਅੰਬਰ ਛੂਹ ਲੈਣਾ
ਕੋਈ ਕ੍ਰਿਸ਼ਮਾ ਨਹੀਂ ਰਹਿੰਦਾ
ਜੇ ਪੈਰ ਧਰਤੀ ਨਾਲ ਜੁੜੇ ਨਾ ਰਹਿਣ

ਜ਼ਿੰਦਗੀ ਦੇ ਸਬਕ ਦੇਂਦੀ ਸਿੱਖਣਗਾਹ
ਇਕ ਸ਼ਰਨਗਾਹ, ਪਾਠਸ਼ਾਲਾ
ਇਕ ਗੁਰੂਕੁਲ ਹੁੰਦਾ...ਘਰ
•

"ਅਸਲ ਵਿਚ...ਇਕ ਭਾਸ਼ਾ ਉੱਸਰ ਆਈ ਹੁੰਦੀ
ਘਰ ਤੇ ਮਨੁੱਖ ਵਿਚਕਾਰ
ਬੇ-ਸ਼ਬਦ...ਬੇ-ਆਵਾਜ਼
ਪਰ...ਸੰਗੀਤਕ"

## — ਣ —

ਕਿਥੋਂ ਆਉਂਦੀ ਏ ਮਨੁੱਖਾਂ ਵਿਚ
ਘਰ ਦੇ ਮੋਹ ਤੇ ਵਿਛੋੜੇ ਦੀ ਤੀਬਰ ਸੋਝੀ
ਤੇ ਵੱਖ ਹੋਣ ਦਾ ਸੰਤਾਪ ਹੰਢਾਉਣ ਦੇ ਬਾਵਜੂਦ
ਜੁੜੇ ਰਹਿਣ ਦੀ ਇਹ ਜ਼ਿਦ
ਕਿ ਦੂਰ ਹੁੰਦਿਆਂ ਵੀ ਘੁੰਮਦੇ ਰਹਿਣਾ
ਕਿਸੇ ਵੀ ਤਰ੍ਹਾਂ...ਆਨੇ ਬਹਾਨੇ
ਯਾਦਾਂ ਦੇ ਅੰਸ਼ਾਂ ਦੁਆਲੇ

ਆਇਆ ਤਾਂ ਸ਼ਾਇਦ
ਇਹ ਅਹਿਸਾਸ ਵੀ ਹੋਵੇਗਾ
ਬ੍ਰਹਿਮੰਡ ਤੋਂ ਲਟਕੀ ਤੰਦ ਸਹਾਰੇ
ਧਰਤੀ ਦੇ ਨਾਲ ਹੀ
ਅਤੀਤ ਨਾਲ ਜੁੜੇ ਰਹਿਣ ਦੀ ਜ਼ਿਦ ਬਣਕੇ

ਤੇ ਅਨੁਰਾਗ ਤੇ ਵੈਰਾਗ
ਉਸੇ ਦੀਆਂ ਲੀਹਾਂ 'ਤੇ ਉਪਜੇ

ਘਰ ਦੇ ਸਮੁੱਚ ਨਾਲ ਜੀਂਦਿਆਂ
ਇਕ ਦੂਜੇ ਦੀ ਸਹਿਲਤਾ ਤੇ
ਸਹਿਜਤਾ ਦਾ ਫ਼ਿਕਰ ਕਰਦਿਆਂ
ਇਕ ਦੂਜੇ ਦੇ ਮੇਚ ਹੋ ਜਾਂਦੇ

...ਫਿਰ ਸਾਹ ਸਾਂਵੇਂ ਨੀਂਦ ਸੁਖਾਵੀਂ
ਤੇ ਸੋਚ ਤਸੱਲੀ ਦਾ ਸਾਹ ਲੈਂਦੀ

ਅਸਲ ਵਿਚ...ਇਕ ਭਾਸ਼ਾ ਉਸਰ ਆਈ ਹੁੰਦੀ
ਘਰ ਤੇ ਮਨੁੱਖ ਵਿਚਕਾਰ
ਬੇ-ਸ਼ਬਦ...ਬੇ-ਆਵਾਜ਼
ਪਰ ਸੰਗੀਤਕ

ਜਿਸ ਦੀ ਤਰਜ਼ 'ਤੇ
ਘਰ ਤੇ ਮਨੁੱਖ ਵਿਚਕਾਰਲਾ
ਮੂਕ ਸਾਜ਼ ਟੁਣਕਦਾ
ਦੋਹੀਂ ਪਾਸੀਂ ਪਸਾਰਦਾ
ਮੋਹ ਤੇ ਖੋਹ ਦੀਆਂ ਤਰੰਗਾਂ
•

“ਅਗਨ ਦੀਆਂ ਲਾਟਾਂ
ਰੋਹ ਨਾਲ ਭਰ ਭਰ
ਜੀਭਾਂ ਲਪਲਪਾਉਂਦੀਆਂ, ਉੱਛਲਦੀਆਂ
ਅੰਬਰ ਵੱਲ ਅਹੁਲਦੀਆਂ
ਸਾੜ ਕੇ ਘਰ...ਬਸਤੀਆਂ ਆਪਣੀਆਂ
ਜਿਨ੍ਹਾਂ ਵਿਚ ਉਹ ਜਨਮੀਆਂ
ਸੁਬਕਦੀਆਂ ਬੁਝਦੀਆਂ...ਧੂੰਆਂ ਬਣਦੀਆਂ... ”

## — ਟ —

ਕੀ ਹੁੰਦਾ ਏ ਭਲਾ
ਘਰ ਨੂੰ ਛੱਡ ਕੇ ਗਏ ਮਨੁੱਖਾਂ ਦੇ
ਇਸ ਦੇ ਮੋਹ ਵਿਚ ਭਿੱਜ ਕੇ
ਬਾਰ-ਬਾਰ ਮੁੜਨ ਦਾ ਸਬੱਬ

ਇਸ ਰਚੇ ਮੋਹ ਦੇ ਅੰਦਰ ਹੁੰਦਾ
ਪਾਣੀ ਹਵਾ ਤੇ ਅਗਨ ਦਾ ਸੁਭਾਅ ਸ਼ਾਇਦ
ਜਿਨ੍ਹਾਂ ਜੋੜਿਆ ਰਚਿਆ ਹੁੰਦਾ
ਮਨੁੱਖ ਨੂੰ, ਤੇ ਉਨ੍ਹਾਂ ਦੇ
ਇਨ੍ਹਾਂ ਤੱਤਾਂ ਵਾਂਗ
ਨਿਭਦੇ ਸੁਭਾਵਾਂ ਨੂੰ

ਬੇਚੈਨ ਪਾਣੀ, ਧਰਤੀ ਤੋਂ ਉੱਡਦੇ
ਅੰਬਰਾਂ ਵਿਚ ਘੁੰਮਦੇ...ਬਿਜਲੀਆਂ ਨਾਲ ਖੇਡਦੇ
ਬਦਲ ਬਦਲ ਰੂਪ, ਹਵਾਵਾਂ ’ਤੇ ਲਹਿਰਦੇ
ਬੱਦਲ ਬਣ ਬਣ ਅੰਬਰ ਵਿਚ
ਰੰਗਾਂ ਦੇ ਅਨੂਠੇ ਤਲਿਸਮ ਰਚਦੇ

ਫਿੱਸ ਫਿੱਸ ਕਰਦੇ ਅੰਤ, ਮੁੜਦੇ ਧਰਤ ਵੱਲ
ਆਪਣੀ ਗਰਜਣ ਦੇ ਓਹਲੇ, ਕਤਰਾ ਕਤਰਾ ਰੋਂਦੇ

ਹਵਾਵਾਂ, ਹੁੰਮਸ ਤੋਂ ਅੱਕੀਆਂ
ਉੱਠਦੀਆਂ ਤੂਫ਼ਾਨ ਬਣਦੀਆਂ
ਘੁੰਮਦੀਆਂ...ਅੰਬਰੀਂ ਚੜ੍ਹਦੀਆਂ
ਫ਼ਾਵੀਆਂ ਹੁੰਦੀਆਂ ਉੱਡ-ਉੱਡ
ਜਿਵੇਂ ਦੌੜ ਹੀ ਜਾਣਗੀਆਂ ਕਿਤੇ ਦੂਰ
ਲੈ ਕੇ ਜ਼ਿੰਦਗੀ ਦੇ ਸਾਹਾਂ ਦਾ ਸਾਮਾਨ ਸਾਰਾ
ਭਟਕ ਭਟਕ ਥੱਕਦੀਆਂ
ਉਤਰਦੀਆਂ...ਧਰਤੀ 'ਤੇ ਫਿਰ
ਸ਼ਾਂਤ ਹੋ ਟਿਕਦੀਆਂ ਆਖ਼ਰ...

ਲਾਟਾਂ, ਅਗਨ ਦੀਆਂ
ਰੋਹ ਨਾਲ ਭਰ ਭਰ
ਜੀਭਾਂ ਲਪਲਪਾਉਂਦੀਆਂ...ਉੱਠਦੀਆਂ
ਅੰਬਰ ਵੱਲ ਅਹੁਲਦੀਆਂ
ਸਾੜ ਕੇ ਘਰ, ਬਸਤੀਆਂ ਆਪਣੀਆਂ
ਜਿਨ੍ਹਾਂ ਵਿਚ ਉਹ ਜਨਮੀਆਂ
ਸੁਬਕਦੀਆਂ ਬੁਝਦੀਆਂ...ਧੂੰਆਂ ਬਣਦੀਆਂ
ਸੌਂ ਜਾਂਦੀਆਂ...ਆਖ਼ਰ ਮੁੜ ਕੇ
ਉਸੇ ਸਵਾਹ ਵਿਚ

ਇਵੇਂ ਹੀ ਭਟਕਦੇ ਭਟਕਾਉਂਦੇ ਰਹਿੰਦੇ
ਮਨੁੱਖ ਦੇ ਅੰਦਰ ਵੱਸੇ
ਘਰ ਦੇ ਅੰਦਰ ਰਚੇ
ਇਹ ਤੱਤ
ਘਰ ਦੇ ਅੰਦਰ ਬਾਹਰ ਉਸ ਨੂੰ
•

“ਆਪਣੀਆਂ ਪ੍ਰਵਿਰਤੀਆਂ ਨਿਭਾਉਂਦੇ
ਮਨੁੱਖ ਅੰਦਰ ਬੈਠੇ ਤੱਤ
ਮਨੁੱਖ ਨੂੰ ਘਰ ਦੀ ਜਾਦੂ ਖਿੱਚ ਵਿਚ ਲਪੇਟ
ਨਿਸ਼ਚਿਤ ਕਰ ਦੇਂਦੇ...
ਸਫ਼ਰਾਂ ਅਵਾਰਗੀਆਂ ਭਟਕਣਾਂ ਪਿੱਛੋਂ
ਕਿ ਘਰ ਹੁੰਦਾ ਹੀ ਏ ਵਾਪਸ ਮੁੜਨ ਲਈ...”

## — ਠ —

ਮਨੁੱਖ ਨੇ ਜੋੜੇ
ਬੜੇ ਤੇਜ਼ ਰਫ਼ਤਾਰ ਇੰਜਣ
ਉਨ੍ਹਾਂ ਦੇ ਸਹਾਰੇ ਆਖ਼ਰ
ਨਿਕਲ ਹੀ ਸਕਿਆ ਬਾਹਰ ਉਹ
ਹਰੇਕ ਵਸਤੂ ਨੂੰ ਵਲ ਕੇ ਬੈਠੀ
ਧਰਤੀ ਦੀ ਖਿੱਚ ਦੇ ਅੰਦਰੋਂ

ਨਿਕਲਿਆ ਨਹੀਂ ਗਿਆ ਉਸ ਤੋਂ ਪਰ
ਮਨ ਵਿਚ ਰਚੀ ਬੈਠੀ...ਘਰ ਦੀ ਖਿੱਚ ’ਚੋਂ
ਕਿਸੇ ਵੀ ਨਿਯਮ, ਮਸ਼ੀਨ ਜਾਂ ਜੁਗਾੜ ਨਾਲ

ਛਲੇਡੇ ਵਾਂਗ ਜਕੜਿਆ ਹੁੰਦਾ ਜਿਸ ਨੇ

ਆਪਣੀਆਂ ਅਦਿੱਖ ਤੰਦਾਂ ਨਾਲ
ਬੰਦੇ ਦੇ ਤਨ ਦੇ ਅੰਦਰ ਬੈਠੇ ਮਨ ਨੂੰ

ਮੁੱਕਦੀ, ਢਲਦੀ, ਬਦਲਦੀ
ਨਾ ਮੱਠੀ ਹੀ ਪੈਂਦੀ
ਧਰਤੀ ਦਾ ਟੋਟਾ
ਬਦਲ ਲੈਣ ਨਾਲ ਵੀ ਇਹ ਖਿੱਚ
ਅੰਦਰ ਧਸੀਆਂ ਵੱਸੀਆਂ ਜੜ੍ਹਾਂ ਇਸ ਖਿੱਚ ਦੀਆਂ
ਸਾਹ ਲੈਂਦੀਆਂ ਧੁਰ ਅੰਦਰਲੇ ਅਣੂਆਂ ਤਕ
ਜੱਦੀ ਪੁਸ਼ਤੀ ਅਹਿਸਾਸ ਬਣ ਕੇ ਜੀਂਦੀਆਂ
ਜੀਣ ਦੇ ਬੀਜਾਂ ਵਿਚੋਂ ਫੁੱਟੀਆਂ
ਤੇ ਅੰਦਰੇ ਅੰਦਰ ਪੁੰਗਰੀਆਂ ਫੈਲੀਆਂ...

ਆਪਣੀਆਂ ਪ੍ਰਵਿਰਤੀਆਂ ਨਿਭਾਉਂਦੇ
ਮਨੁੱਖ ਅੰਦਰ ਬੈਠੇ ਤੱਤ ਮਨੁੱਖ ਨੂੰ
ਘਰ ਦੀ ਜਾਦੂ ਖਿੱਚ ਵਿਚ ਲਪੇਟ
ਨਿਸ਼ਚਿਤ ਕਰ ਦੇਂਦੇ...
ਸਫ਼ਰਾਂ ਅਵਾਰਗੀਆਂ ਤੇ ਭਟਕਣਾਂ ਪਿੱਛੋਂ
ਕਿ ਘਰ...ਹੁੰਦਾ ਹੀ ਏ ਵਾਪਸ ਮੁੜਨ ਲਈ...
•

# ਡੀ.ਐੱਨ.ਏ.

ਕਿਰਿਆਸ਼ੀਲ ਰੁੱਝੀ ਰਕਾਨ ਧਰਤ
ਵਿਹਲ ਨਾ ਟਿਕਾਅ ਕਿਸੇ ਪਲ

ਵਿਸ਼ਾਲ ਮੰਡਲ ਵਿਚ
ਗਤੀ ਦੀਆਂ ਥੰਮ੍ਹੀਆਂ ਤੇ ਟਿਕੀ ਧਰਤੀ
ਘੁੰਮਦੀ ਨਿਰੰਤਰ ਦੁਆਲੇ ਆਪਣੇ
ਤਿੰਨ ਸੌ ਪੈਂਹਠ ਚੱਕਰ ਜੋੜਦੇ
ਇਕ ਵੱਡਾ ਚੱਕਰ
ਤੇ ਨਿੱਤ ਜੁੜਦੇ ਚੱਕਰਾਂ ਦੇ ਢੇਰ

ਇਹ ਚੱਕਰ-ਦਰ-ਚੱਕਰ
ਗਤੀ-ਦਰ-ਗਤੀ
ਨਿਰੰਤਰ ਸਫ਼ਰ
ਸਿਰਜਦੇ ਇਕ ਤਣਾਅ
ਧਰਤੀ ਦੀ ਕੁੱਖ ਵਿਚ

ਧਰਤੀ ਦੇ ਅੰਦਰ ਹੀ ਕਿਤੇ ਵੱਸੀ
ਟਿਕਾਅ ਦੀ ਚਾਹਤ
ਬੇਚੈਨ ਪਰੇਸ਼ਾਨ ਹੋ ਨਿਰੰਤਰ ਬਦਲਾਅ ਤੋਂ
ਵਿਰੋਧ ਵਿਚ ਆਉਂਦੀ
ਟਿਕਾਅ ਦੀਆਂ ਲਹਿਰਾਂ
ਤਣਾਅ ਦੀਆਂ ਲਹਿਰਾਂ
ਖਹਿੰਦੀਆਂ ਆਪਸ ਵਿਚ
ਸਿਰਜਦੀਆਂ ਆਪਣਾ ਵਿਧੀ ਵਿਧਾਨ

ਇਹ ਵਿਧੀ ਵਿਧਾਨ
ਇਕ ਰਿੜਕਣ ਪੈਦਾ ਕਰਦਾ
ਧਰਤੀ ਦੇ ਅੰਦਰ ਵੱਸਦੇ

ਪਾਣੀਆਂ, ਲਾਵਿਆਂ, ਪੱਥਰਾਂ
ਹਵਾ ਤੇ ਅੱਗ ਅੰਦਰ
ਇਸੇ ਰਿੜਕਣ ਦੀਆਂ ਲਹਿਰਾਂ
ਧਰਤੀ ਦੇ ਸੁਭਾਅ ਵਿਚ ਵਹਿੰਦੀਆਂ
ਤੋੜਦੀਆਂ, ਜੋੜਦੀਆਂ ਮਰੋੜਦੀਆਂ
ਘੋਲਦੀਆਂ ਤੇ ਬਦਲਦੀਆਂ ਰਹਿੰਦੀਆਂ
ਅੰਦਰਲਾ ਕਈ ਕੁਝ
ਪਾਣੀ ਉਬਲਦੇ
ਲਾਵੇ ਖ਼ੌਲਦੇ
ਜੰਗਲ ਰਾਖ ਹੁੰਦੇ
ਤੇਲ ਬਣਦੇ
ਕੋਲਾ ਬਣਦੇ
ਕੋਲਾ ਪੱਥਰ ਹੁੰਦਾ
ਜਨਮਦੇ ਹੀਰੇ
ਤੇ ਕਈ ਕੁਝ ਹੋਰ

ਨਿਰੰਤਰ ਚੱਲਦਾ ਇਹ ਰਿੜਕਣ
ਧਰਤੀ ਦੇ ਅੰਤਰ ਮਨ ਰਾਹੀਂ
ਇਸ ਦੇ ਸਾਰੇ ਤੱਤਾਂ ਵਿਚ ਰਚਦਾ
ਤੇ ਗੁੰਨ੍ਹਿਆਂ ਜਾਂਦਾ
ਘਰਾਂ ਨੂੰ ਉਸਾਰਨ ਵਾਲੀ
ਸਾਰੀ ਮਿੱਟੀ ਦੇ ਕਣ ਕਣ ਵਿਚ

ਰਚਦਾ ਰਹਿੰਦਾ ਫਿਰ
ਮਿੱਟੀ, ਤੇ ਮਿੱਟੀ ਨਾਲ ਬਣੇ ਘਰਾਂ ਵਿਚ
ਧਰਤੀ ਦਾ ਇਹ ਡੀ.ਐੱਨ.ਏ.

ਘਰ ਦਾ ਡੀ.ਐੱਨ.ਏ. ਬਣ ਕੇ
ਤੇ ਘਰਾਂ ਵਿਚ ਵੱਸਣ ਵਾਲਿਆਂ ਅੰਦਰ
ਉਨ੍ਹਾਂ ਦੀਆਂ ਸੋਚਾਂ ਵਿਚ
ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ
ਜ਼ਿੰਦਗੀ ਦਾ ਡੀ.ਐੱਨ.ਏ. ਬਣ ਕੇ
•

## ਘਰ ਦਾ ਜਨਮ

ਮਨੁੱਖ ਹੀ ਐਸਾ ਜੀਵ ਨਹੀਂ ਸੀ
ਜਿਸ ਨੂੰ ਸੋਝੀ ਆਈ ਸੀ
ਘਰ ਦੀ ਲੋੜ ਦੀ
ਤੇ ਕਾਢ ਕੱਢੀ ਸੀ ਉਸਨੇ ਫਿਰ
ਧਰਤੀ 'ਤੇ ਘਰੌਂਦੇ ਉਸਾਰਨ ਦੀ

ਜ਼ਿੰਦਗੀ ਦੀ ਇਹ ਲੋੜ
ਕਰ ਲਈ ਗਈ ਸੀ ਮਹਿਸੂਸ
ਮਨੁੱਖ ਦੇ ਧਰਤੀ 'ਤੇ ਪੈਦਾ ਹੋਣ ਤੋਂ ਵੀ ਪਹਿਲਾਂ

ਸੁਰੱਖਿਆ ਦੀ ਲੋੜ ਦੀ ਇਬਾਰਤ ਸੀ
ਟਿਕਾਅ ਦੇ ਮੁਕਾਮ ਦੀ ਹਸਰਤ ਸੀ
ਜਿਸ ਦੀ ਤੀਬਰ ਤੇ ਬੇਚੈਨ ਤੰਦ ਨੇ
ਵਿਕਸਿਤ ਕੀਤੇ ਨਾਯਾਬ ਤਰੀਕੇ
ਘਰ ਬੁਣਨ, ਜੋੜਨ ਤੇ ਉਸਾਰਨ ਦੇ

ਮਨੁੱਖ ਦੇ ਵਡੇਰੇ ਤਾਂ ਪਰਬੀਨ ਸਨ
ਪਹਿਲਾਂ ਹੀ ਇਸ ਕਲਾ ਵਿਚ

ਕੀੜੀਆਂ ਧਰਤੀ ਵਿਚ
ਮੋਰੀਆਂ ਕਰ ਰਹੀਆਂ ਸਨ
ਆਪਣੇ ਨਿੱਕੇ ਕੋਮਲ ਅੰਗਾਂ ਨਾਲ
ਆਪਣੇ ਘਰ ਲੱਭਦੀਆਂ

ਪੰਖੇਰੂ ਚੁਣ ਰਹੇ ਸਨ ਤੀਲ੍ਹੇ
ਜੋੜ ਰਹੇ ਸਨ ਆਲ੍ਹਣੇ
ਬਿਜੜੇ ਤੇ ਦਰਜੀ ਪੰਖੀ

ਬੁਣ ਰਹੇ ਸਨ
ਸੋਹਣੇ ਤੇ ਸੁਰੱਖਿਅਤ ਘਰ

ਪਾਣੀ ਵਿਚ ਟਾਹਣੀਆਂ ਜੋੜ ਜੋੜ
ਆਪਣੇ ਘਰ ਬੀੜਦੇ
ਕਾਰੀਗਰੀ ਉਸਾਰ ਰਹੇ ਸਨ ਊਦ-ਬਿਲਾਵ

ਰਿੱਛ ਤੇ ਬਣ-ਮਾਣਸ ਵਰਗੇ
ਰਹਿਣ ਲੱਗੇ ਸਨ ਕੰਦਰਾਂ ਵਿਚ

ਉਨ੍ਹਾਂ ਦੀ ਨਕਲ ਕਰਦਾ ਮਨੁੱਖ
ਕੰਦਰਾਂ ਵਿਚ ਰਹਿੰਦਾ
ਉਨ੍ਹਾਂ ਦੇ ਸੰਗ ਸਾਥ ਤੋਂ ਵਿਛੜਦਾ
ਉਸਾਰਨ ਲੱਗਾ ਹੋਵੇਗਾ ਕੁੱਲੀਆਂ
ਜੋ ਮਕਾਨਾਂ ਮਹਿਲਾਂ ਵਿਚ ਢਲੀਆਂ
ਤੇ ਵਲਿਆ ਗਿਆ ਮਨੁੱਖ
ਘਰ ਦੇ ਮੋਹ ਦੀਆਂ ਅਦਿੱਖ, ਰੇਸ਼ਮੀ
ਪਰ ਪੱਕੀਆਂ ਤੰਦਾਂ ਨਾਲ
•

## ਪਰਵਾਸ

ਜਦ ਧਰਤੀ ਤੁਰੀ ਹੋਵੇਗੀ
ਸਫ਼ਰ-ਰਤ ਬ੍ਰਹਿਮੰਡ ਵਿਚੋਂ
ਆਪਣੇ ਨਵੇਂ ਸਥਾਨ ਵੱਲ
ਉਹ ਸੀਪ ਕੇ ਆਈ ਸੀ
ਸਫ਼ਰ ਦੇ ਰੁਝਾਨ ਨੂੰ ਇੰਜ
ਤੇ ਹਮੇਸ਼ਾ ਵਾਸਤੇ ਤੁਰ ਪਈ
ਸਫ਼ਰ 'ਤੇ ਹੀ...

ਉਹ ਆਪਣੀ ਪੋਟਲੀ ਵਿਚ
ਸਿਰਫ਼ ਘਰ ਤੇ ਸਫ਼ਰ ਦੇ ਬੀਜ
ਹੀ ਨਹੀਂ ਸੀ ਬੰਨ੍ਹ ਕੇ ਲਿਆਈ
ਹੋਰ ਕਈ ਕੁਝ ਦੇ ਨਾਲ
ਪਰਵਾਸ ਵੀ ਰੱਖ ਲਿਆਈ ਸੀ ਵਿੱਚੇ
ਪਰਵਾਸੀ ਤਾਂ ਆਪ ਹੋ ਗਈ ਸੀ ਧਰਤੀ
ਪੇਕੇ ਘਰ ਤੋਂ ਤੁਰੀ ਜਦ
ਇਕ ਨਵੀਂ ਥਾਂ 'ਤੇ ਵੱਸਣ

ਪਰਵਾਸ ਦੇ ਇਹ ਬੀਜ ਫਿਰ
ਖਿੱਲਰ ਕੇ ਰਲ ਗਏ ਹੋਣਗੇ
ਘਰ ਨਾਲ ਪਏ ਮੋਹ ਦੇ ਬੀਜਾਂ ਦੇ ਨਾਲ ਹੀ
ਤੇ ਪੁੰਗਰ ਵੀ ਪਏ ਹੋਣਗੇ
ਸਾਰੇ ਧਰਤੀ 'ਤੇ ਵੱਸਣ ਵਾਲਿਆਂ ਦੇ ਅੰਦਰ
ਤੇ, ਇਹ ਮਨੁੱਖ ਹੀ ਨਹੀਂ ਸੀ
ਜੋ ਤੁਰਨ ਲੱਗ ਪਿਆ ਹੋਵੇਗਾ
ਕਿਤੇ ਹੋਰ ਵੱਸਣ, ਪਰਵਾਸੀ ਹੋ ਕੇ
ਇਹ ਸਫ਼ਰ ਤਾਂ ਵਹਿਣ ਲੱਗ ਪਏ ਸਨ

ਧਰਤੀ 'ਤੇ ਜੀਣ ਵਾਲਿਆਂ ਦੇ ਖ਼ੂਨ ਵਿਚ
ਮਨੁੱਖ ਦੇ ਜਨਮ ਤੋਂ ਵੀ ਪਹਿਲਾਂ...

ਕਿਸੇ ਬਿਰਖ਼ ਦੇ ਬੀਜਾਂ ਨੇ ਜਦ
ਫ਼ੈਸਲਾ ਕੀਤਾ ਹੋਵੇਗਾ
ਕਿਤੇ ਹੋਰ ਜਾ ਉੱਗਣ ਦਾ
ਤੇ ਬਿਰਖ ਨੇ ਵਿਦਾ ਕੀਤਾ ਹੋਵੇਗਾ
ਆਪਣੇ ਉਨ੍ਹਾਂ ਬੀਜਾਂ ਨੂੰ
ਹਵਾ, ਪਾਣੀ ਜਾਂ ਕਿਸੇ ਹੋਰ ਵਾਹਨ 'ਤੇ
ਕਿਤੇ ਹੋਰ ਜਾ ਕੇ ਪੁੰਗਰਨ
ਤੇ ਸੁੱਖੀ ਵੱਸਣ ਲਈ

ਜਦ ਕਿਸੇ ਕੀੜੀ ਜਾਂ ਕੀੜੇ ਨੇ
ਆਪਣੀ ਬਸਤੀ ਤੋਂ ਵੱਖਰੇ ਹੋ ਕੇ
ਕਿਤੇ ਨਵੀਂ ਰੁੱਡ ਪੁੱਟੀ ਹੋਵੇਗੀ

ਸ਼ਹਿਦ ਦੀਆਂ ਕੁਝ ਮੱਖੀਆਂ ਨੇ
ਛੋਹਿਆ ਹੋਵੇਗਾ ਜੋੜਨਾ
ਵੱਖਰਾ ਛੱਤਾ ਕਿਤੇ ਜਦ

ਜਦ ਨੰਨ੍ਹੀਆਂ ਰੰਗਲੀਆਂ ਕੋਮਲ ਜਿਹੀਆਂ
ਮੋਨਾਰਕ ਤਿਤਲੀਆਂ, ਹਵਾਵਾਂ ਤੇ ਤਰਦੀਆਂ
ਹਜ਼ਾਰਾਂ ਮੀਲ ਉੱਡਦੀਆਂ, ਪਾਰ ਕਰਦੀਆਂ
ਕਾਲੇ ਸਾਗਰ, ਉੱਚੇ ਪਰਬਤ, ਸੰਘਣੇ ਜੰਗਲ
ਗਾਹ ਰਹੀਆਂ ਸਨ ਪੈੜਾਂ ਘਰ ਦੀਆਂ
ਮਰਦੀਆਂ ਜੰਮਦੀਆਂ, ਫਿਰ ਉੱਡਦੀਆਂ
ਕਈ ਪੀੜ੍ਹੀਆਂ ਦੀ ਮਾਲਾ ਪਰੋਂਦੀਆਂ
ਪਹੁੰਚਣ ਵਾਸਤੇ ਵਡੇਰਿਆਂ ਦੇ

ਉਨ੍ਹਾਂ ਅੰਦਰ ਰੱਖੇ ਘਰਾਂ ਟਿਕਾਣਿਆਂ ਵੱਲ...

ਜਦ ਦਰਿਆਵਾਂ ਦੇ ਮੁੱਢਾਂ ਨੇੜੇ ਜੰਮਦੀਆਂ
ਸਾਲਮਨ ਮੱਛੀਆਂ ਤਰ ਕੇ ਆ ਰਹੀਆਂ ਸਨ
ਢਲਾਨਾਂ ਵੱਲ ਵਹਿੰਦੇ ਗਹਿਰੇ ਸਾਗਰਾਂ ਵੱਲ ਨੂੰ
ਪਰਵਾਸ ਕਰਦੀਆਂ ਤੇ ਮੁੜਦੀਆਂ ਵਾਪਸ
ਮਰਨ ਤੋਂ ਪਹਿਲਾਂ ਜਮਾਂਦਰੂ ਘਰ ਵੱਲ
ਪੱਥਰਾਂ ਵਿਚਕਾਰ ਤੇਜ਼ ਵਹਿੰਦੇ ਪਾਣੀ 'ਚੋਂ
ਉਲਟੀ ਦਿਸ਼ਾ ਦੀ ਔਖੀ ਚੜ੍ਹਾਈ ਚੜ੍ਹਦੀਆਂ
ਮਰ ਮਰ ਤਰਦੀਆਂ, ਰਾਹਾਂ ਵਿਚ ਮਰਦੀਆਂ
ਮੁੜਦਿਆਂ ਪਰਵਾਸ ਤੋਂ, ਜਮਾਂਦਰੂ ਘਰ ਵੱਲ

ਜਦ ਪਾਣੀ ਵਿਚ ਰਹਿੰਦੇ ਕਿਸੇ ਡੱਡੂ ਦਾ
ਮਨ ਕੀਤਾ ਹੋਵੇਗਾ ਧਰਤੀ ਵੱਲ ਜਾਣ ਨੂੰ
ਤੇ ਉਹ ਚਲਾ ਗਿਆ ਹੋਵੇਗਾ
ਸਿੱਖ ਲਿਆ ਹੋਵੇਗਾ ਵੱਲ
ਧਰਤੀ ਕਦੇ ਪਾਣੀ ਵਿਚ ਰਹਿਣ ਦਾ

ਤੇ ਖ਼ਬਰੇ ਕਿਹੜੇ ਆਦਿ ਕਾਲ ਤੋਂ
ਕਰ ਰਹੀਆਂ ਨੇ ਕੂੰਜਾਂ
ਹਜ਼ਾਰਾਂ ਮੀਲਾਂ ਦੇ ਸਫ਼ਰ ਹਰ ਸਾਲ
ਇਕ ਮਹਾਂਦੀਪ ਤੋਂ ਦੂਜੇ ਤਕ
ਜਾਂਦੀਆਂ ਬੱਚੇ ਪੈਦਾ ਕਰਦੀਆਂ
ਪਾਲਦੀਆਂ ਤੇ ਲੈ ਉੱਡਦੀਆਂ ਉਨ੍ਹਾਂ ਨੂੰ
ਵਾਪਸ ਆਪਣੇ ਮੁਲਕ...

ਕਰਮ ਵਿਕਾਸ ਦੀਆਂ ਪੌੜੀਆਂ ਚੜ੍ਹਦੀਆਂ
ਤਿਤਲੀਆਂ, ਮੱਛੀਆਂ, ਕੂੰਜਾਂ ਤੋਂ

ਮਨੁੱਖ ਹੋਣ ਤਕ ਦਾ ਸਫ਼ਰ ਕਰਦਿਆਂ
ਅਜਿਹੇ ਪਰਵਾਸ ਰਚ ਚੁੱਕੇ ਹੋਣਗੇ
ਜ਼ਿੰਦਗੀ ਦੇ ਲਹੂ ਵਿਚ
ਇਕ ਸਮੁੱਚਾ ਰੁਝਾਨ ਬਣ ਕੇ...
ਇਕ ਸਹਿਜ ਜਿਹਾ ਸੁਭਾਅ ਬਣ ਕੇ
ਤੇ ਕਾਇਦਾ ਬਣ ਗਿਆ ਹੋਵੇਗਾ ਫਿਰ
ਆਪਣੇ ਘਰ, ਆਪਣੇ ਦੇਸ਼ ਤੋਂ ਦੂਰ
ਘਰ ਬਣਾ ਕੇ ਰਹਿਣ ਲੱਗਣਾ
ਪਰਵਾਸੀ ਹੋ ਜਾਣਾ

ਇਹ ਜਾਗ ਤਾਂ ਲੱਗ ਗਈ ਸੀ
ਜ਼ਿੰਦਗੀ ਨੂੰ ਜੰਮਣ ਦੇ ਪਲ ਹੀ ਹੀ
ਗੁੜ੍ਹਤੀ ਵਾਂਗ

•

# ਤੰਦਾਂ ਘਰ ਦੀਆਂ

## — ੳ —

ਘਰ ਦੇ ਵੀ ਕਈ ਪੱਖ ਹੁੰਦੇ
ਐਨ ਇਸ ਵਿਚ ਰਹਿੰਦੇ ਮਨੁੱਖਾਂ ਵਾਂਗ

ਸਦਾ ਸੁਖਾਵਾਂ ਹੀ ਨਹੀਂ ਹੁੰਦਾ
ਘਰ ਤੇ ਇਸ ਵਿਚਲਾ ਸਭ ਕੁਝ

ਕਦੇ ਕਦੇ ਨਹੀਂ ਵੀ ਹੁੰਦਾ
ਦੋਸਤੀ ਦੇ ਰੌਂ ਵਿਚ ਇਹ
ਤਦ ਕੁਝ ਵੱਖਰਾ ਹੀ ਨਿਕਲਦਾ
ਇਸ ਦੀ ਹਰੇਕ ਤਹਿ 'ਚੋਂ

ਇਸ ਦੇ ਅੰਦਰ, ਘਾਹ ਵਾਂਗ ਪੁੰਗਰਦੀਆਂ
ਨਿੱਕੀਆਂ ਨਿੱਕੀਆਂ ਸੰਵੇਦਨਾਵਾਂ
ਬੇ-ਬਹਾਰੇ ਪਲਾਂ ਵਿਚ
ਸਦਾ ਸਰਸ਼ਾਰਤਾ ਦਾ ਅਹਿਸਾਸ
ਹੀ ਨਹੀਂ ਦੇਂਦੀਆਂ

ਪਿਆਸਿਆਂ ਸੁੱਕ ਕੇ
ਤਿੜਕਣਾ ਵੀ ਪੈਂਦਾ ਉਨ੍ਹਾਂ ਨੂੰ
ਸਮੇਂ ਦੀ ਤੇਜ਼ੀ ਨਾਲ
ਕਦਮ ਮੇਚਦੇ ਪੈਰਾਂ ਹੇਠ...

ਕਈ ਵਾਰ ਲੈ ਵੜਦੀਆਂ
ਨਿੱਕੀਆਂ ਨਿੱਕੀਆਂ ਸੁਪਨ ਪਗਡੰਡੀਆਂ ਹੀ
ਵੱਡੀਆਂ ਦਰਦਾਂ ਦੀਆਂ ਗੁੰਮ ਗੁਫ਼ਾਵਾਂ ਵਿਚ
ਜਿਥੇ ਪੱਤਝੜਾਂ ਦੇ ਬੂਹੇ 'ਤੇ
ਬਹਾਰ ਦੀ ਤਖ਼ਤੀ ਲੱਗੀ ਹੁੰਦੀ

ਆਸਰੇ ਦਾ ਭਰਮ ਪਾਉਂਦਾ ਘਰ
ਕਦੇ ਕਦੇ ਅੰਨ੍ਹੇ ਖੂਹ ਵਾਂਗ ਵੀ ਹੁੰਦਾ
ਜਿਸ ਨੂੰ ਸਾਰੇ ਸੁਪਨੇ, ਸਾਰੀ ਮਿਹਨਤ
ਸਾਰੀ ਸੋਚ, ਸਾਰੇ ਸਾਹ ਤੇ ਜਿੰਦ ਜਾਨ
ਪਾ ਕੇ ਵੀ ਪੂਰਿਆ ਨਹੀਂ ਜਾ ਸਕਦਾ ਹੁੰਦਾ

ਘਰ ਵਿਚ ਹੀ ਕਦੇ ਕਦੇ
ਅਪਣੱਤ ਦਾ ਬੂਹਾ ਠਕੋਰਦਿਆਂ
ਤਖ਼ਤੇ ਖੁੱਲ੍ਹਣ 'ਤੇ ਅਜਨਬੀ ਚਿਹਰੇ ਨਿਕਲਦੇ
ਆਪਣੀਆਂ ਉਂਗਲਾਂ ਪਲੋਸਦੇ ਤੁਸੀਂ
ਮਸਾਂ ਹੀ ਤੱਕ ਸਕਦੇ ਹੋ
ਆਪਣੀ ਨਜ਼ਰ ਦੀ ਵਿਰਾਨਗੀ ਦੇ ਪਾਰ

ਕਈ ਵਾਰ ਧਾਰ ਲੈਂਦਾ ਘਰ
ਕਿਸੇ ਬਰਮੂਡਾ ਤਿਕੋਣ ਦਾ ਰੂਪ ਵੀ
ਜਿਥੇ ਸੁਪਨਿਆਂ ਦੇ ਲੱਦੇ ਜਹਾਜ਼
ਆਸਾਂ ਦੇ ਉੱਡਦੇ ਵਿਮਾਨ
ਸਮੂਲਚੇ ਅਲੋਪ ਹੋ ਜਾਂਦੇ...

ਕਈ ਵਾਰ ਘਰਾਂ ਵਿਚ ਹੀ
ਸੁਪਨਿਆਂ ਨੂੰ ਅੰਬਰ ਨਹੀਂ ਮਿਲਦਾ
ਸੋਚ ਨੂੰ ਜ਼ਮੀਨ ਨਹੀਂ ਮਿਲਦੀ
ਤੇ ਸੁੰਨ ਕਰ ਦੇਂਦਾ ਅਹਿਸਾਸਾਂ ਨੂੰ
ਕੰਧਾਂ ਅੰਦਰਲੀ ਹਵਾ ਦਾ ਓਪਰਾਪਨ
ਚਾਹਤ ਦੀ ਕਿਸੇ ਰੇਖਾ ਨਾਲ
ਸਾਵਾਂ ਨਹੀਂ ਮਿਚਦਾ, ਅਪਣੱਤ ਦਾ
ਕੋਈ ਵੀ ਮਾਪ ਸੂਤਰ ਕਈ ਵਾਰ

ਤਦ ਮਨ ਦੇ ਘਰ ਤੇ ਸਰੀਰ ਦੇ ਵਿਹੜੇ ਵਿਚਕਾਰ
ਕੋਈ ਤਾਲਮੇਲ ਨਹੀਂ ਰਹਿੰਦਾ
ਤੇ ਆਪਣੇ ਸ਼ਬਦਾਂ
ਖ਼ਿਆਲਾਂ 'ਚੋਂ ਹੀ ਤਿਲਕ ਜਾਂਦੀ
ਘਰ ਦੀ ਪਰਿਭਾਸ਼ਾ

ਇਕੋ ਜਿਹਾ ਨਹੀਂ ਹੁੰਦਾ ਭਾਵੇਂ
ਘਰ ਦਾ ਸਾਰਿਆਂ ਨਾਲ ਨਿਭਾਅ
ਨਾ ਤਿਆਰ ਹੁੰਦੇ ਨੇ ਸਭ
ਘਰ ਨਾਲ ਇਕੋ ਤਰ੍ਹਾਂ ਨਿਭਾਉਣ ਲਈ

ਤਦ ਹੀ ਤਾਂ ਕਈ ਵਾਰ
ਚਾਰ ਡੰਡੇ ਤੇ ਇਕ ਟੋਟਾ ਤਰਪਾਲ
ਘਰ ਦਾ ਪੂਰਾ ਸੁੱਖ ਬਣ ਜਾਂਦੇ
ਤੇ ਸੰਗਮਰਮਰੀ ਮਹਿਲ ਵੀ
ਘਰ ਦੇ ਅਹਿਸਾਸ ਦੇ
ਬਾਹਰੇ ਬਾਹਰ ਜੀਂਦੇ ਰਹਿੰਦੇ
•

## — ਅ —

ਘਰ ਵਿਚ ਕਈ ਕੁਝ ਹੋਰ ਵੀ ਵਾਪਰਦਾ
ਭਾਵਨਾਵਾਂ ਦੀ ਧੁੰਦ ਦੇ ਅੰਦਰੇ ਅੰਦਰ
ਜਾਣੀਆਂ-ਅਣਜਾਣੀਆਂ ਲੜਾਈਆਂ ਲੜਦੇ
ਕਿਆਸੀਆਂ ਅਣਕਿਆਸੀਆਂ
ਜਿੱਤਾਂ ਹਾਰਾਂ ਦਾ ਸਵਾਦ ਵੀ ਚੱਖਦੇ ਹਾਂ

ਹਾਰਾਂ ਵਰਗੀਆਂ ਜਿੱਤਾਂ
ਤੇ ਜਿੱਤਾਂ ਵਰਗੀਆਂ ਹਾਰਾਂ ਹੁੰਦੀਆਂ

ਸਹਿਜ ਸੁਭਾਅ ਜਿਹੇ ਮਹਿਸੂਸ ਕਰਦੇ
ਹੋਰ ਜਿੱਤਣ ਤੁਰਦੇ
ਖ਼ੁਦ ਤਕ ਨੂੰ ਖ਼ੁਸ਼ੀ ਨਾਲ ਹਾਰ ਜਾਂਦੇ

ਇਸ ਦੇ ਗਹਿਰੇ ਸਫ਼ਰਾਂ ਵਿਚ
ਕਈ ਸਮੁੰਦਰ ਤਰਦੇ ਤਰਦੇ ਵੀ
ਆਪਣੇ ਹੀ ਉਰਾਰ ਰਹਿ ਜਾਂਦੇ
ਗੁੰਮ ਜਾਂਦੇ ਹਾਂ ਕਦੇ ਕਦੇ ਖ਼ੁਦ
ਜਾਂ ਗੁੰਮ ਜਾਂਦਾ ਏ ਘਰ ਹੀ ਕਈ ਵਾਰ

ਇਥੇ ਸੁਪਨਿਆਂ ਵੱਟੇ ਮੋਹ
ਤੇ ਮੋਹ ਵੱਟੇ ਕਈ ਕੁਝ ਖ਼ਰੀਦਦੇ ਹੋਏ
ਖ਼ਰੀਦ ਨਹੀਂ ਸਕਦੇ ਕਈ ਵਾਰ
ਨਿੱਜ ਲਈ ਮੁਹੱਬਤ
ਤੇ ਆਪਣੇਪਣ ਦਾ ਅਹਿਸਾਸ
ਜਿਸ ਨੂੰ ਮਨਾਂ, ਸੋਚਾਂ
ਤੇ ਲੋਚਾਂ ’ਚੋਂ ਫੋਲ ਫੋਲ ਲੱਭਦੇ

ਮਰ ਮਰ ਜੀਂਦੇ, ਜੀ ਜੀ ਮਰਦੇ
ਧੀਮੀ ਧੀਮੀ ਮੌਤ, ਪਲ ਪਲ, ਪਲੋ ਪਲ
ਤੇ ਕਈ ਵਾਰ
ਰਿਸ਼ਤਿਆਂ ਦੀਆਂ ਤੰਦਾਂ ਵਿਚ ਲਿਪਟੇ
ਕੋਮਲ ਛੋਹਾਂ ਵਾਲੇ ਜਾਲ ਦੀ
ਜਕੜ ਵਿਚ ਫਸੇ ਮਹਿਸੂਸ ਕਰਦੇ

ਤਦ...ਘਰ
ਰਿਸ਼ਤਿਆਂ ਦਾ ਜੁਗਾੜ ਵੀ ਜਾਪਣ ਲੱਗਦਾ
ਜਿਥੇ ਚਾਹਤ ਦੀਆਂ ਠਿੱਲ੍ਹੀਆਂ ਕਿਸ਼ਤੀਆਂ
ਘਰ ਦੇ ਸਮੁੰਦਰ ਦੇ
ਕਿਨਾਰਿਆਂ ਦੀ ਰੇਤ 'ਚੋਂ ਮਧੋਲੀਆਂ
ਟੁੱਟੀਆਂ ਫੁੱਟੀਆਂ ਲੱਭਦੀਆਂ

ਬਹੁਤੇ ਵਰਤਾਰੇ ਘਰ ਦੇ, ਵਰਤਦੇ
ਅਪਣੱਤ ਦੇ ਝੁੰਗਲਮਾਟਿਆਂ ਦੇ ਅੰਦਰੇ ਅੰਦਰ
ਤੇ ਬਾਹਰਲੀ ਹਵਾ ਨੂੰ
ਕਦੇ ਸੋਅ ਮਿਲਦੀ
...ਕਦੇ ਨਹੀਂ ਵੀ...!

ਕੀ ਇਹ ਵੀ ਘਰ ਹੀ ਹੁੰਦਾ...?

•

## — ੲ —

ਘਰ ਹੌਲੀ-ਹੌਲੀ ਹੋ ਜਾਂਦਾ
ਇਸ ਵਿਚ ਰਹਿੰਦੇ ਜੀਆਂ ਵਾਂਗ ਹੀ

ਆਦਤ ਹੋ ਜਾਂਦੀ ਉਸ ਨੂੰ
ਸੁਪਨਿਆਂ ਕਿਲਕਾਰੀਆਂ
ਤੇ ਪੈੜ ਚਾਲਾਂ ਦੀ ਤਾਲ ਦੀ
ਮੋਹ ਰੱਤੀਆਂ ਛੋਹਾਂ ਦੀ, ਉਮੀਦਾਂ ਦੀ

ਫਿਰ ਚਾਹੁਣ ਲੱਗਦਾ ਘਰ
ਸਦਾ ਹੀ ਰਹਿਣਾ ਉਨ੍ਹਾਂ
ਸੋਚਾਂ, ਸਾਜ਼ਾਂ, ਆਵਾਜ਼ਾਂ
ਹਾਸਿਆਂ ਹੌਕਿਆਂ
ਤੇ ਮੰਨ-ਮਨੌਤੀਆਂ ਦੇ ਵਿਚਕਾਰ

ਮਾਣਦਿਆਂ, ਜੀਆਂ ਦਾ ਪਲੋਸਣਾ
ਪਿਆਰਨਾ ਤੇ ਸਵਾਰਨਾ ਘਰ ਨੂੰ
ਉਹ ਝੱਲ ਲੈਂਦਾ, ਕਿੰਨੇ ਹੀ ਕਹਿਰੀ ਝੱਖੜ
ਕਿੰਨੇ ਹੀ ਮਾਰੂ ਹੜ੍ਹ, ਤੂਫ਼ਾਨ
ਕਿ, ਮੋਹ ਦੇ ਚੂਨੇ ਨਾਲ ਜੁੜੇ ਹੁੰਦੇ
ਮਨੁੱਖ ਤੇ ਘਰ, ਆਪਸ ਵਿਚ

ਜਦੋਂ ਚਲੇ ਜਾਂਦੇ ਨੇ ਰਹਿਣ ਵਾਲੇ
ਛੱਡ ਕੇ ਘਰਾਂ ਨੂੰ
ਦਿਲ ਛੱਡ ਬਹਿੰਦੇ ਘਰ
ਉੱਡ ਜਾਂਦੀ ਇਨ੍ਹਾਂ ਨੂੰ ਸਾਹ ਦੇਂਦੀ
ਮਨੁੱਖੀ ਹੋਂਦ ਦੀ ਤਰਲਤਾ

ਤ੍ਰੇੜੇ ਜਾਣ ਲੱਗਦੇ ਘਰ
ਮੂਕ ਹੋ ਕੇ ਨਿਖੇੜ ਬਹਿੰਦੇ ਆਪਾ
ਲੱਗਦੇ ਭੁਰਨ ਕਿਰਨ...

ਚੁੱਪ ਹੇਠ ਦੱਬੇ
ਜੰਗਾਲੇ ਘਰਾਂ ਦੀਆਂ
ਵਿਹਲ ਹੇਠ ਦੱਬੀਆਂ ਕੰਧਾਂ ਤੇ ਛੱਤਾਂ ਕੋਲੋਂ
ਚੁੱਕਿਆ ਨਾ ਜਾਂਦਾ ਆਪਣਾ ਭਾਰ

...ਜੀਆਂ ਤੇ ਘਰ ਵਿਚਾਲੇ ਸਾਂਝ ਹੀ
ਘਰ ਦੇ ਜੁਗਾੜ ਦੀ ਜਿੰਦ ਜਾਨ ਹੁੰਦੀ
ਜਦ ਨਹੀਂ ਹੁੰਦੀ ਇਹ
ਤਾਂ ਜਿਗਰਾ ਛੱਡ ਬਹਿੰਦੇ
ਢਹਿਣ ਲੱਗਦੇ ਘਰ...
•

## — ਸ —

ਘਰ ਦੇ ਸੁਪਨਿਆਂ ਵਿਚਕਾਰ ਬੈਠੇ
ਸੁਪਨਿਆਂ ਦਾ ਘਰ ਚਿਤਵਣ ਲੱਗਦੇ ਹਾਂ
ਖ਼ੁਸ਼ੀਆਂ ਦੀਆਂ ਇੱਟਾਂ
ਚਾਵਾਂ ਦੇ ਸੀਮਿੰਟ ਨਾਲ ਚਿਣਦੇ
ਮੋਹ ਦਾ ਪੁਖ਼ਤਾ ਫ਼ਰਸ਼ ਪਾਉਂਦੇ
ਰਿਸ਼ਤਿਆਂ ਦੇ ਬੂਹੇ ਬਾਰੀਆਂ ਲਾਉਂਦੇ
ਖ਼ੁਸ਼ਹਾਲੀ ਦਾ ਸੂਰਜ
ਤੇ ਜ਼ਿੰਦਗੀ ਦੇ ਸੁਹਜ ਨਾਲ ਰੌਸ਼ਨ
ਚੰਨ ਜੜਦੇ ਹਾਂ

ਹਰ ਕੋਨੇ, ਕੌਲ਼ੇ ਤੇ ਓਹਲੇ ਵਿਚ
ਧੁੱਪ ਤੇ ਚਾਨਣੀ ਵਿਛਾਉਂਦੇ
ਹਨੇਰਿਆਂ ਤੇ ਪਰਛਾਵਿਆਂ ਲਈ
ਕਿਸੇ ਸੰਭਾਵਨਾ ਦਾ
ਛੇਕ ਵੀ ਨਹੀਂ ਰੱਖਦੇ
ਕਲਪਨਾ ਕਰਦੇ ਹਾਂ
ਜੋ ਵੀ ਪਲ ਆਏਗਾ
ਘਰ ਦੇ ਰੰਗਾਂ ਵਿਚ
ਰਚ ਕੇ ਹੋਰ ਰੌਣਕ ਲਾਏਗਾ

ਪਲ ਆਉਂਦੇ ਨੇ
ਆਪਣਾ ਹਨੇਰ ਨਾਲ ਚੁੱਕੀ
ਘਰ ਵੀ...ਪਤਾ ਨਾ ਕਿੱਥੋਂ
ਹਾਸਿਆਂ ਦੇ ਓਹਲਿਆਂ ਪਿੱਛੋਂ
ਪਰਛਾਵੇਂ...ਆਜ਼ਾਦ ਕਰ ਦੇਂਦਾ

ਜੋ ਚਾਨਣ ਪੀ ਜਾਂਦੇ
ਕਦੇ ਧੁੱਪ ਠਾਰ ਜਾਂਦੇ
ਬੂਹੇ ਬਾਰੀਆਂ ਮੱਲ ਲੈਂਦੇ...

ਉਨ੍ਹਾਂ ਦੇ ਪੈਰਾਂ ਹੇਠ ਦੱਬਿਆ
ਕੁੱਸਦਾ ਰਹਿੰਦਾ ਮੋਹ
ਤੇ...ਕੁਝ ਦਾ ਕੁਝ ਬਣ ਜਾਂਦਾ
ਚਿਤਵਨ 'ਚੋਂ ਨਿਕਲ ਕੇ
ਹਕੀਕਤ ਦੀ ਧਰਤੀ ਵਾਲਾ ਘਰ
•

## — ਹ —

ਕਦੇ-ਕਦਾਈਂ ਜਾਣਾ ਪੈਂਦਾ
ਦੂਜੇ ਸ਼ਹਿਰ ਵੱਸਦੇ
ਆਪਣੇ ਬੱਚਿਆਂ ਦੇ ਘਰੀਂ
ਜਿਥੇ ਬਾਲਾਂ ਦੀਆਂ ਕਿਲਕਾਰੀਆਂ
ਤੇ ਹਾਸਿਆਂ ਦੀ ਛਣਕਾਰ
ਮੇਲਿਆਂ ਦੀਆਂ ਲੜੀਆਂ ਪਰੋਂਦੀ...

ਉਸਰਿਆਂ ਰਹਿੰਦਾ ਵਿਚ ਵਿਚਾਲੇ
ਮੋਹ ਤੰਦਾਂ ਦੇ ਰੰਗਲੇ, ਰੇਸ਼ਮੀ
ਤਾਣੇ-ਬਾਣੇ ਦਾ ਤਲਿੱਸਮ...

ਸੁੱਖ ਆਰਾਮ ਤੇ ਖ਼ੁਸ਼ੀ ਦੇ
ਇਸ ਝੁੰਗਲਮਾਟੇ ਦੇ ਅੰਦਰ ਕਿਤੇ
ਬੜੀ ਹੀ ਸ਼ਿੱਦਤ ਨਾਲ
ਯਾਦ ਆਉਣ ਲੱਗਦਾ
ਮੈਨੂੰ ਆਪਣਾ ਘਰ...

ਇਕ ਬੇਚੈਨ ਫ਼ਿਕਰ
ਅਜੀਬ ਜਿਹੀ ਖੋਹ ਲੈ ਕੇ ਉੱਭਰਦਾ
ਛਾ ਜਾਂਦਾ ਚਾਵਾਂ 'ਤੇ
ਕਾਹਲੀ ਪੈ ਜਾਵਾਂ...ਵਾਪਸੀ ਲਈ

ਕਾਹਲੀ ਪੈਂਦੀ ਹਾਂ...ਉਸ
ਆਪਣੇ ਘਰ ਦੀ ਛੁਹ ਵਾਸਤੇ
ਕਿਥੇ ਕਿਲਕਾਰੀਆਂ ਨਹੀਂ
ਇਕ ਬੁਝਿਆ ਸੰਨਾਟਾ ਹੈ

ਮੂਕ ਕੰਧਾਂ ਦੇ ਅੰਦਰ
ਇਕ ਬੇਆਰਾਮ ਜਿਹਾ ਆਰਾਮ ਹੈ

ਖਿੱਲਰੀਆਂ ਪੁੱਲਰੀਆਂ ਜ਼ਿੰਮੇਵਾਰੀਆਂ ਹਨ
ਯਾਦਾਂ ਦੀ ਸਿੱਲ੍ਹੀ ਐਲਬਮ ਦੇ
ਉਦਾਸ ਅਣੂਆਂ ਵਿਚ
ਸਹੇਜੀਆਂ, ਖਿੜਖਿੜਾਹਟਾਂ ਦੇ
ਬੇਰੰਗ ਪਰਛਾਵੇਂ ਹਨ

ਪਰ, ਘਰ ਦਾ ਇਕ
ਜੀਂਦਾ ਜਾਗਦਾ ਅਹਿਸਾਸ ਹੈ...

ਆਪਣੀ ਧੁੰਦ ਨਾਲ ਭਿੱਜਾ
ਆਪਣੇ ਹੀ ਧੂੰਏਂ ਵਿਚ ਘਿਰਿਆ
ਫਰੀਜ਼ ਹੋਇਆ ਸੰਸਾਰ ਹੈ ਇਕ

ਸ਼ੋਰ ਦੀ ਇਕ ਵਲਗਣ ਹੈ
ਬਿਲਕੁਲ ਨਿੱਜੀ
ਜਿਥੇ ਘਰ...ਤੇ ਮੈਂ
ਮੈਂ ਤੇ ਘਰ
ਇਕ ਦੂਜੇ ਨੂੰ ਤੋੜਦੇ-ਜੋੜਦੇ
ਖਿਲਾਰਦੇ...ਸਮੇਟਦੇ
ਰੁੱਸਦੇ...ਮੰਨਦੇ
ਟੋਂਹਦੇ ਤੇ ਤਸਦੀਕ ਕਰਦੇ
ਆਪਣੇ ਹੁੰਮਸ ਤੇ ਖ਼ਲਾਅ
ਨਜ਼ਰਾਂ ਦੀ ਗਰਦ ਝਾੜਦੇ
ਇਕ ਦੂਜੇ ਨੂੰ ਪੜ੍ਹ ਲੈਂਦੇ ਹਾਂ

ਜ਼ਖ਼ਮਾਂ ਨੂੰ ਛੇੜਦੇ ਉਚੇੜਦੇ
ਪੂੰਝ ਕੇ ਢੱਕ ਲੈਂਦੇ ਹਾਂ

ਇਕ ਦੂਜੇ ਦੀ ਯੱਖ ਪਿਘਲਾਉਂਦੇ
ਇਕ ਦੂਜੇ ਨੂੰ ਨਿੱਘ ਦੇਂਦੇ
ਕਦੇ ਆਪਣੇ ਨਿੱਘ ਨੂੰ
ਸੀਤ ਵੀ ਕਰ ਲੈਂਦੇ ਹਾਂ

ਇਕ ਦੂਜੇ ਦੇ ਭੂਗੋਲ ਦੇ
ਇਤਿਹਾਸ ਕਣਾਂ ਵਿਚ ਵਿਚਰਦਿਆਂ
ਸਾਂਝੀਆਂ ਸਿਸਕੀਆਂ ਨੂੰ
ਸਾਹਾਂ ਵਿਚ ਭਰਦਿਆਂ
ਆਪਣੇਪਨ ਦਾ ਇਕ ਸਾਂਝਾ
ਮਿਕਨਾਤੀਸੀ ਕੇਂਦਰ ਸਿਰਜ ਲੈਂਦੇ ਹਾਂ
ਜਿਸ ਦੀਆਂ ਚੁੰਬਕੀ ਤਰੰਗਾਂ
ਲਗਾਤਾਰ ਖਿੱਚਦੀਆਂ ਹੀ ਰਹਿੰਦੀਆਂ ਹਨ
•

## — ਕ —

ਘਰ ਦੀ ਹਰੇਕ ਵਸਤੂ ਤੇ ਵਰਤਾਰਾ
ਜਾਣਦੇ ਨੇ ਮੈਨੂੰ
ਤੇ ਉਨ੍ਹਾਂ ਨੂੰ ਮੈਂ
ਅਸਲ ਵਿਚ ਤਾਂ
ਇਕੱਠੇ ਹੀ ਜਨਮੇ ਹੁੰਦੇ ਹਾਂ
ਰਿਸ਼ਤੇ ਦੇ ਪੱਧਰ ’ਤੇ...ਅਸੀਂ

ਸੋ ਜੁੜੇ ਰਹਿੰਦੇ
ਨਜ਼ਰ, ਸੋਚ, ਅਤੀਤ
ਵਰਤਮਾਨ ਤੇ ਭਵਿੱਖ ਦੀਆਂ
ਕਈ ਪਰਤਾਂ ਰਾਹੀਂ

ਜਾਣਦੇ ਹੁੰਦੇ ਹਾਂ
ਇਕ ਦੂਜੇ ਦੀਆਂ
ਸੋਚ, ਚਾਹਤ ਤੇ ਵਰਤੋਂ ਦੀਆਂ
ਸਾਰੀਆਂ ਹੱਦਾਂ ਤੇ ਹੱਦਬੰਦੀਆਂ
ਜਿਨ੍ਹਾਂ ਰਾਹੀਂ ਜੋੜਿਆ ਹੁੰਦਾ
ਮੋਹ ਦੀਆਂ ਲਹਿਰਾਂ ਨੇ ਆਪਸ ਵਿਚ
ਇਸ ਮਿੱਠੀ ਜਹੀ ਕੈਦ ਨਾਲ ਇਵੇਂ
ਕਿ ਅਸਹਿਜ ਹੋ ਜਾਂਦੇ ਹਾਂ ਦੂਰ ਜਾ ਕੇ

ਨਾ ਸੰਪੰਨ ਹੁੰਦਾ ਘਰ ਕਦੇ
ਨਾ ਸਫ਼ਰ ਇਸ ਦਾ
ਉਮਰਾਂ ਪੀੜ੍ਹੀਆਂ ਸਦੀਆਂ

...ਤਦ ਹੀ ਤਾਂ ਬੁਲਾਉਂਦਾ ਘਰ
ਤੇ ਖਿੱਚੀ ਜਾਂਦੀ ਹਾਂ ਉਸ ਵੱਲ...ਸਦਾ

•

# ਘਰ ਤੇ ਉਦਾਸੀ-1

ਚੜ੍ਹਦੀ ਉਮਰ ਦਾ ਸਫ਼ਰ
ਕਈ ਚੱਕਾਂ 'ਤੇ ਚੜ੍ਹੇ
ਕਈ ਕਈ ਵਾਰ ਸੁਪਨੇ
ਸਿਰਜਿਆ ਗਿਆ ਘਰੌਂਦਾ
ਮੇਚ ਕੇ ਹਰ ਕੋਣ
ਤੇ ਹਰਿੱਕ ਇੱਟ ਨੂੰ
ਮਨਰੰਗੇ ਸੁਪਨਿਆਂ ਦੇ
ਨਿੱਖਰੇ ਰੰਗਾਂ ਨਾਲ
ਕਿ ਖਾਂਦਾ ਰਹੇ ਮੇਲ ਸਭ
ਆਉਂਦੇ ਕੱਲ੍ਹ ਵਾਲੀ
ਹਵਾ ਦੀ ਇਬਾਰਤ ਨਾਲ

ਹਵਾ ਨੇ ਬਦਲੇ ਰੰਗ
ਨਾਪਣ ਲੱਗੀ...ਨਸਲ ਨਵੀਂ
ਪੈੜਾਂ ਨਵ ਚਿਤਵਨ ਦੀਆਂ
ਜੜ ਕੇ ਸੁਪਨਿਆਂ ਦੇ ਖੰਭ
ਚੇਤਨਾ ਦੀਆਂ ਬਾਹਾਂ 'ਤੇ

ਉੱਡੀ...ਤੇ ਮੇਲ੍ਹਦੀ ਜਾ ਵੱਸੀ
ਦੂਰ ਦੁਰਾਡੀ ਧਰਤੀ ਉੱਤੇ

ਲਿਖ ਗਈ ਉਹੀ ਹਵਾ
ਘਰ ਦੇ ਮਨ 'ਤੇ
ਇਕੱਲ ਦੀ ਉਦਾਸ ਇਬਾਰਤ
•

## ਘਰ ਤੇ ਉਦਾਸੀ-2

ਆਉਂਦਾ ਸੁਨੇਹਾ ਕਦੇ
ਫ਼ੋਨ ਰਾਹੀਂ...ਸਮੁੰਦਰੋਂ ਪਾਰ
ਬੱਚਿਆਂ ਦੇ ਕਿਸੇ ਨਵੇਂ ਹਾਸਲ ਦਾ
ਤਾਂ ਰੁਕ ਜਾਵੇ ਗਲਾ
ਭਾਵਾਂ ਦੇ ਮੂੰਹ ਜ਼ੋਰ ਵਹਾਅ ਨਾਲ

ਅਜਿਹੇ ਵੇਲਿਆਂ ਵਿਚ
ਭਰੇ ਹੋਏ ਗਲੇ 'ਚੋਂ ਹੀ
ਬੋਲਦੀ ਹਾਂ—ਉੱਚੀ ਆਵਾਜ਼ ਵਿੱਚ
ਕਿ ਸੁਣ ਲਵੇ
ਖ਼ੁਸ਼ੀ ਦੇ ਉਸ ਅੰਤਰੇ ਨੂੰ
ਦੇਰ ਤੋਂ ਘਰ ਵਿਚ
ਗੁੰਮ-ਸੁੰਮ ਹੋ ਕੇ ਬੈਠਾ
ਹਰੇਕ ਫੰਭਾ ਹਵਾ ਦਾ
ਹਰ ਕੰਧ—ਹਰ ਨੁੱਕਰ
ਤੇ ਪਥਰੀਲੀ ਚੁੱਪ
ਕਿ ਅੱਜ...
ਮੇਰੇ ਸ਼ਬਦਾਂ ਕੋਲ ਵੀ
ਆਵਾਜ਼ ਦੇ ਪਰ ਹਨ...
•

## ਘਰ ਤੇ ਉਦਾਸੀ-3

ਰੌਣਕ ਦੀ ਖ਼ਾਤਰ
ਕਿਰਾਏ 'ਤੇ ਦਿੱਤਾ
ਘਰ ਦਾ ਉਹ ਹਿੱਸਾ
ਹੋ ਜਾਵੇ ਬੇ-ਰੌਣਕ
ਤਿਉਹਾਰਾਂ ਦੇ ਦਿਨੀਂ
ਚਲੇ ਜਾਣ...ਜਦ ਰਹਿਣ ਵਾਲੇ
ਦਿਨ-ਦਿਹਾਰ ਮਨਾਉਣ
ਮਾਪੇ ਪਰਿਵਾਰਾਂ ਨਾਲ
ਖੁਰ ਜਾਂਦੇ...ਘਰ ਵਿਚ ਬਣੇ
ਜੁਗਾੜ ਦੇ ਰਿਸ਼ਤੇ

ਸੋਚਾਂ ਤਦ...ਹਰ ਵਾਰ
ਹੋਣਗੀਆਂ ਕਿੰਨੀਆਂ ਸੁੱਘੜ
ਇਨ੍ਹਾਂ ਦੀਆਂ ਮਾਵਾਂ
ਸਮੋ ਸਕੀਆਂ ਜੋ
ਆਪਣੇ ਬੱਚਿਆਂ ਦੇ
ਮਨਾਂ ਦੀ ਮਿੱਟੀ ਵਿਚ
ਘਰ ਦੀ ਇਬਾਰਤ ਦੇ
ਉਹ ਥਿਰਕਦੇ ਕਤਰੇ
ਜੋ—ਜਿਵਾ ਕੇ ਘਰ ਨੂੰ
ਧੜਕਾ ਦੇਣ ਜ਼ਿੰਦਗੀ
ਤਿੱਥ ਤਿਉਹਾਰਾਂ ਦੇ
ਸ਼ਗਨ ਵਿਹਾਰਾਂ ਦੇ
ਦਿਨਾਂ ਵਿਚ ਹੀ ਸਹੀ...
•

## ਘਰ ਤੇ ਉਦਾਸੀ-4

ਉੱਧੜ ਗਈ ਤਰਪਾਈ
ਠੀਕ ਕਰਨ ਦੀ ਖ਼ਾਤਰ
ਸੂਈ ਵਿਚ ਧਾਗਾ ਪਾਉਂਦੇ
ਪਾਟਦੀ...ਨਜ਼ਰ ਹੁਣ...

ਯਾਦ ਆ ਜਾਂਦੀ ਤਦ
ਘੱਟ ਜਮਾਤਾਂ ਪੜ੍ਹੀ ਸਹੇਲੀ
ਪੜ੍ਹਾਈ ਵਿਚ ਔਸਤ ਜਿਹੇ
ਬੱਚਿਆਂ ਦੀ ਮਾਂ...
ਝੂਰਦੀ ਜੋ ਅਕਸਰ
ਕਿ, ਨਹੀਂ ਦੇ ਸਕੀ ਉਹ
ਆਪਣੇ ਬਾਲਾਂ ਦੇ ਸੁਪਨਿਆਂ ਨੂੰ
ਬੁਲੰਦੀ ਜਿਹੀ ਮਚਾਨ ਕੋਈ...

ਤਦ, ਮੇਰੇ ਬੱਚਿਆਂ ਨੂੰ
ਉੱਚੇ ਰੁਤਬਿਆਂ ਦੀ
ਪਗਡੰਡੀ ’ਤੇ ਜਾਂਦੇ ਤਕ
ਰਸ਼ਕ ਕਰਦੀ ਉਹ
ਮੇਰੀ ਕਿਸਮਤ ਨਾਲ

ਤੇ ਇਧਰ—
ਆਪਣੇ ਬੱਚਿਆਂ ਨੂੰ
ਉਨ੍ਹਾਂ ਦੀ ਮਨਚਾਹੀ
ਉਡਾਨ ਲਈ ਪਰ ਦੇਣ ਦਾ
ਸਾਰਾ ਹੀ ਮਾਣ ਸਨਮਾਨ
ਤੇ ਸੁਚੱਜੀ ਮਾਂ ਹੋਣ ਦਾ
ਸਾਰਾ ਅਭਿਮਾਨ ਮੇਰਾ

ਸੂਈ ਵਿਚ ਧਾਗਾ ਪਾਉਣ ਵਿਚ
ਮੇਰੀ ਕੋਈ ਵੀ ਮਦਦ ਨਹੀਂ ਕਰਦਾ...

ਉਸ ਪਲ...ਪੜ੍ਹਾਈ ਵਿਚ
ਔਸਤ ਦਰਜੇ ਦੇ
ਪਿਉ ਦੇ ਕਾਰੋਬਾਰ ਵਿਚ ਰੁੱਝੇ
ਆਪਣੇ ਬੱਚਿਆਂ ਤੇ ਉਨ੍ਹਾਂ ਦੇ
ਬੱਚਿਆਂ ਵਿਚ ਘਿਰੀ
ਘੱਟ ਜਮਾਤਾਂ ਪੜ੍ਹੀ ਸਹੇਲੀ
ਮੇਰੇ ਰਸ਼ਕ ਦਾ ਕਾਰਨ ਹੁੰਦੀ...
•

## ਘਰ ਤੇ ਉਦਾਸੀ-5

ਘਰ ਬਣਾਉਂਦਿਆਂ
ਸੋਚਿਆ ਗਿਆ ਬਹੁਤ
ਇਸ ਦੀ ਮਜਬੂਤੀ ਬਾਰੇ
ਕਿ...ਰਹਿਣਾ ਏ, ਇਸ ਵਿਚ
ਸਾਡੇ ਨਾਲ ਤੇ ਬਾਅਦ ਵਿਚ ਵੀ
ਬੱਚਿਆਂ ਨੇ ਆਪਣੇ ਬਾਲਾਂ ਨਾਲ

ਯਾਦ ਸੀ, ਪਿੰਡ ਦਾ
ਗਾਰੇ ਦੀ ਚਿਣਾਈ ਵਾਲਾ
ਤਿੰਨ ਪੀੜ੍ਹੀਆਂ ਦਾ ਗਵਾਹ...ਘਰ
ਡਿੱਗਣ ਲੱਗ ਪਿਆ ਸੀ
ਨਵਾਂ ਪੇਂਟ ਜਿਸ ਦਾ
ਲੈ ਕੇ ਨਾਲੇ
ਸੀਮਿੰਟ ਦੇ ਖਰੇਪੜ
ਬਜ਼ੁਰਗਾਂ ਦੇ ਤੁਰ ਜਾਣ
ਸਾਡੇ ਸ਼ਹਿਰ ਵੱਸਣ ਦੇ
ਕੁਝ ਮਹੀਨੇ ਪਿੱਛੋਂ ਹੀ...

ਕਿਹਾ ਗਿਆ—
ਉਦਾਸ ਹੋ ਜਾਂਦੇ ਘਰ
ਬਿਨ ਰਹਿਣ ਵਾਲਿਆਂ ਦੇ...

ਆਉਂਦੇ ਨੇ ਵਾਰਸ
ਮਜਬੂਤ ਘਰ ਦੇ ਹੁਣ
ਟਿਕਣ ਕੁਝ ਪਲ
ਪਰਵਾਸੀ ਪੰਛੀਆਂ ਦੇ
ਕਿਸੇ ਪੜਾਅ ਵਾਂਗ

ਛੰਡ ਪਰਾਂ ਨੂੰ
ਝਾੜ ਕੇ ਵਿਚੋਂ ਇਸ ਘਰ ਨੂੰ
ਉੱਡਦੇ ਵਾਪਸ ਉਹ...

ਸੰਭਾਲਦਾ ਰਹਿੰਦਾ
ਪਿੱਛੇ ਰਹਿ ਗਿਆ ਘਰ
ਕਿਰੀਆਂ ਹੋਈਆਂ
ਨਿੱਕੀਆਂ-ਨਿੱਕੀਆਂ
ਖੰਭੜੀਆਂ ਯਾਦਾਂ ਦੀਆਂ
ਕਈ ਕਈ ਦਿਨਾਂ ਤਕ

ਫਿਰ ਕਦੇ ਬਨੇਰਾ ਤ੍ਰੇੜਿਆ ਜਾਂਦਾ
ਤੇ ਕਦੇ ਚਾਰ ਦੀਵਾਰੀ
ਕਦੇ ਹੋਣ ਲੱਗਦੀਆਂ
ਭੇਤੀ ਕੀੜੀਆਂ ਆਰ-ਪਾਰ
ਇਸ ਦੀ ਸਥਿਲਤਾ 'ਚੋਂ
ਜਾਂ ਦੁਖਣ ਲੱਗਦਾ
ਕੁਝ ਹੋਰ ਇਸ ਦਾ
ਜਿਵੇਂ ਰੋਗੀ ਹੋ ਗਿਆ—ਘਰ ਹੁਣ

ਸੀਮਿੰਟ, ਸਰੀਏ ਤੇ
ਕਿੰਨੇ ਹੀ ਨਿੱਕ-ਸੁੱਕ ਨਾਲ
ਬੀੜਿਆ...ਘਰੌਂਦਾ
ਜਾਪਦਾ, ਹੰਢਾਅ ਚੁੱਕਾ
ਕਈ ਜਨਮ ਜਨਮਾਂਤਰ
ਇਕੋ ਜਾਮੇ ਵਿਚ ਜਿਵੇਂ...

•

## ਘਰ ਤੇ ਉਦਾਸੀ-6

ਤੁਰ ਗਈ ਹੈ ਵਾਪਸ
ਮਦਦ ਲਈ ਲਿਆਂਦੀ
ਸਿੰਮੋ...ਪਿੰਡ ਆਪਣੇ
ਲੈ ਕੇ ਨਾਲ, ਆਖ਼ਰ
ਕਈ ਸਾਲਾਂ ਦਾ ਮਚਾਇਆ
ਤੂਫ਼ਾਨ ਤੇ ਕੁਹਰਾਮ...

ਆਉਂਦੀ ਰਹਿੰਦੀ ਸਦਾ
ਇਕ ਹੁਮਕ ਜਿਹੀ
ਬੇਪਰਵਾਹੀ ਨਾਲ ਧੋਤੇ
ਉਸ ਦੇ ਕੱਪੜਿਆਂ 'ਚੋਂ

ਤੇ ਭੁੱਖ ਸੀ ਕੋਈ...!
ਅੰਦਰ ਕਿਤੇ ਉਸ ਦੇ
ਕਿ ਬਚਦਾ ਨਾ ਕੁਝ
ਪਰਿਵਾਰ ਦੇ ਖਾਣ ਤੋਂ
ਪਹਿਲਾਂ ਹੀ ਕਈ ਵਾਰ...

ਨਾ ਬਚਦੀ ਅਲਮਾਰੀ
ਸੰਦੂਕ ਜਾਂ ਪਰਸ ਕੋਈ
ਉਸ ਦੀ ਖੋਜੀ ਨਜ਼ਰ ਤੋਂ
ਡਰਦੀ—ਨਾ ਹਰਦੀ
ਨਾ ਹੁੰਦੀ ਹੀ ਝੂਠੀ
ਬੋਲਦੀ ਤੜਾ-ਤੜ
ਚੋਰੀ ਪਕੜੀ ਜਾਣ 'ਤੇ ਵੀ...

ਪਲ ਪਲ ਖਾਂਦੀ ਸਹੁੰਆਂ

ਤੇ ਜਿੱਤਦੀ ਵੀ ਉਹੀ
ਹਰਾ ਕੇ ਹਰ ਕਸਮ ਨੂੰ...

ਸਿੱਖਿਆ ਸੀ ਉਸ ਨੇ
ਜ਼ਿੰਦਗੀ ਤੋਂ ਖਬਰੇ
ਸਬਕ ਇਹੀ ਬੱਸ...
ਖੋਹ...ਖਿੰਝ...ਮਾਣ ਲੈਣਾ
ਜੋ ਵੀ ਹੈ—ਹੁਣੇ
ਇਸੇ ਹੀ ਪਲ ਵਿਚ

ਮੁੱਕ ਗਈ ਹੈ ਹੁਣ
ਘਰ ਦੀ ਲਾਚਾਰੀ ਬਣੀ
ਉਸ ਦੀ ਪੈਦਾ ਕੀਤੀ
ਬੇਚੈਨੀ ਤੇ ਬੇਆਰਾਮੀ...!

ਪੱਸਰੀ ਹੈ ਹੁਣ
ਘਰ ਵਿਚ ਇਕ ਸੁੰਨ
ਜਿਸ ਵਿਚ ਸਿੰਮੋ
ਲਗਾਤਾਰ ਛੇਕ ਪਾਉਂਦੀ
ਫਿਰਦੀ—ਦਨਦਨਾਉਂਦੀ
ਤੋੜਦੀ ਤੰਦਾਂ
ਬਰਫ਼ੀਲੀ ਇਕੱਲ ਦੀਆਂ

...ਚੁੱਪ ਚੁਪੀਤਾ ਘਰ...
...ਹੁਣ ਉਦਾਸ ਹੈ...
...ਬ...ਹੁ...ਤ...
•

## ਘਰ ਤੇ ਉਦਾਸੀ-7

ਘਰ ਦੀ ਇਕੱਲ ਦੇ
ਇਸ ਉੱਚੇ ਕੋਟ ਅੰਦਰ
ਰੱਖੇ ਪਏ ਹਨ—ਅੰਬਾਰ
ਰੀਝ ਨਾਲ ਖ਼ਰੀਦੀਆਂ
ਅਣ-ਵਰਤੀਆਂ ਵਸਤਾਂ ਦੇ...
ਉਨ੍ਹਾਂ 'ਚੋਂ ਅਕਸਰ
ਸਿੰਮ ਆਈ ਉਦਾਸੀ
ਜੰਮ ਜਾਵੇ, ਘਰਾਲਾਂ ਦੀ
ਸੰਘਣੀ ਤਹਿ ਬਣ

ਖਿੱਲਰ ਵੀ ਜਾਏ, ਝੱਟ ਫਿਰ
ਮੇਰੇ ਨਾਲ ਨਜ਼ਰ ਮਿਲਦੇ ਹੀ
ਡਿੱਗਦੇ...ਖਰੇਪੜ ਉਸ ਦੇ ਫਿਰ

ਉਨ੍ਹਾਂ ਵਿਚੋਂ ਰਿਸਿਆ
ਸੰਘਣਾ ਬੱਦਲ ਜਿਹਾ
ਭਰਦਾ ਰਹਿੰਦਾ ਘਰ ਨੂੰ
ਇਕ ਉਦਾਸ ਧੂੰਏਂ ਨਾਲ
•

## ਘਰ ਤੇ ਉਦਾਸੀ-8

ਨਹੀਂ ਲੁਕਾਉਂਦੀ ਹੁਣ ਮੈਂ
ਆਪਣੇ ਘਰ ਦੀ ਸੁੰਨ
ਤੇ ਉਦਾਸੀ ਦੀ ਇਬਾਰਤ
ਕਿਸੇ ਹੋਰ ਸਿਰਲੇਖ ਦੇ
ਗਹਿਰੇ ਰੰਗ ਦੀ, ਛਤਰੀ ਹੇਠ...

ਉਂਜ ਵੀ ਤਾਂ ਹੁਣ
ਮੇਰੇ ਪਲਾਂ ਨਾਲ, ਖੇਡਦੀ ਇਸ ਦਾ
ਵਧ ਗਿਆ ਹੈ ਕੱਦ
ਏਨਾ ਵਧੇਰਾ ਹੁਣ
ਕਿ ਲੁਕਦੀ ਨਹੀਂ ਲੁਕਾਇਆਂ
ਪੂਰੀ ਦੀ ਪੂਰੀ ਉਹ

ਉਸ ਦੇ ਹਾਜ਼ਰ ਨਾਜ਼ਰ ਹੋਣ
ਤੇ ਆਪਣੀ ਹੋਣ ਨੂੰ
ਸਵੀਕਾਰ ਕਰਦੀ
ਹੱਥ ਫੜ ਕੇ ਉਸ ਦਾ
ਤੁਰਦੀ ਹਾਂ ਹੁਣ ਮੈਂ...
•

## ਘਰ ਤੇ ਉਦਾਸੀ-9

ਘਰ ਦੇ ਅੰਦਰਲੀ
ਉਦਾਸੀ ਦੀ ਸੰਘਣਤਾ
ਤੇ ਗੁੰਮ-ਸੁੰਮ ਹਵਾ ਵਿਚ
ਰੁਕਦਾ ਏ ਸਾਹ ਕਦੇ...
ਬੇਚੈਨੀ ਦੇ ਆਲਮ ਵਿਚ
ਤੁਰਾਂ ਬਾਹਰ ਨੂੰ ਕਿਧਰੇ...

ਵਧ ਜਾਣ ਕਈ ਪਰਤਾਂ
ਇਕੱਲਤਾ ਦੇ ਅਹਿਸਾਸ ਦੀਆਂ
ਰੌਣਕ ਦੀ ਭੀੜ ਵਿਚ...
ਭੀੜ ਦੀ ਇਕੱਲ ਵਿਚ

ਖਿੱਚੀ ਆਵਾਂ ਵਾਪਸ
ਫਿਰ ਤੋਂ ਆਪਣੀ
ਉਦਾਸੀ ਦੀ ਮੌਨ
ਅਪਣੱਤ ਭਰੀ
ਸੀਤ ਗਲਵੱਕੜੀ ਵਿਚ

ਕਿ ਘਰ ਤੇ ਉਦਾਸੀ
ਪੂਰਕ ਇਕ ਦੂਜੇ ਦੇ...
...ਤੇ ਮੇਰੇ ਵੀ ਹੁਣ...!
•

## ਕਦੇ ਕਦਾਈਂ

**—1—**

ਕਦੇ ਕਦਾਈਂ ਮਿਲਣ ਆਉਂਦੇ
ਦੂਰ ਸ਼ਹਿਰ ਵੱਸਦੇ ਬੱਚੇ

ਆਉਣ ਦੀ ਕਨਸੋਅ ਨਾਲ
ਅੰਗੜਾਈ ਲੈ ਕੇ, ਸੋਮਨ ਹੁੰਦਾ
ਊਂਘਦਾ ਜਿਹਾ ਘਰ
ਜਾਗ ਪੈਂਦੇ ਯੱਕ-ਦਮ
ਕੰਮਾਂ ਦੇ ਸੁੱਤੇ ਅੰਬਾਰ

ਘਰ ਦੀ ਸਫ਼ਾਈ
ਬਿਸਤਰਿਆਂ ਦੀਆਂ ਚਾਦਰਾਂ ਦੀ
ਧੋਆ ਧੁਆਈ ਚਲਦੀ
ਹਰੇਕ ਦੇ ਖਾਣ ਦੀ ਪਸੰਦ ਉੱਭਰਦੀ

ਅਲਮਾਰੀ ਦੀ ਕੈਦ 'ਚੋਂ
ਆਜ਼ਾਦ ਹੋ ਕੇ ਮੁਸਕਰਾਉਂਦੇ
ਸੋਹਣੇ ਰੰਗਾਂ ਵਾਲੇ
ਨਰਮ ਮਾਸੂਮ ਖਿਡੌਣੇ
ਨੁਹਾਏ-ਧੁਆਏ ਜਾਂਦੇ ਸਭ
ਕਿ ਇਨ੍ਹਾਂ ਦੇ ਘੁੱਟੇ ਸਾਹਾਂ ਦੀ
ਹੁੱਸੜ ਭਰੀ ਹਵਾ ਨਾਲ
ਬਿਮਾਰ ਨਾ ਹੋ ਜਾਣ ਕਿਧਰੇ
ਮਹਿਮਾਨ ਬਣ ਗਏ
ਬੱਚਿਆਂ ਦੇ ਬੱਚੇ

ਰੰਗ-ਬਿਰੰਗੇ ਕੱਪ, ਪਲੇਟਾਂ

ਚਮਕ ਉੱਠਦੇ ਨਾੜ੍ਹੇ ਧੋਤੇ
ਵਰਤੇ ਜਾਣ ਦੀ ਖ਼ੁਸ਼ੀ ਮਾਨਣ ਲਈ...

ਪਲਾਂ 'ਚੋਂ ਕਿਲਕਾਰੀਆਂ ਦੀਆਂ
ਰਾਗਨੀਆਂ ਫੁੱਟਦੀਆਂ
ਘੁਮਾਈ ਫਿਰਦੀਆਂ
ਹਵਾਈ ਗਲਿਆਰਿਆਂ ਵਿਚ
ਗਹਿਮਾ-ਗਹਿਮੀ...ਰੌਣਕ ਮੇਲੇ
ਸਰਪਟ ਦੌੜਦੇ ਰੁੱਝੇ ਦਿਨਾਂ
ਤੇ ਥੱਕੀਆਂ ਬੇ-ਸੁਰਤ ਰਾਤਾਂ ਦਾ ਗੇਂਦ
ਤੇਜ਼ੀ ਨਾਲ ਘੁੰਮ ਜਾਂਦਾ

—2—
ਵਾਪਸ ਤੋਰ ਕੇ ਸਭ ਨੂੰ
ਫਿਰ ਤੋਂ ਸੁੰਗੜ ਕੇ
ਸਰਕਣ ਲੱਗਦਾ ਘਰ
ਆਪਣੀ ਸੁੰਨ ਦੇ ਘੋਗੇ ਦੇ ਅੰਦਰ

ਸਾਰੀਆਂ ਵਸਤਾਂ ਤੇ ਸਾਰੀਆਂ ਇਬਾਰਤਾਂ
ਜੋ ਸ਼ਾਮਲ ਰਹੀਆਂ, ਪੂਰੇ ਜੋਸ਼ ਨਾਲ
ਪਰਿਵਾਰਕ ਉਤਸਵ ਵਿਚ
ਲੁਕਣ ਲੱਗਦੀਆਂ ਮੁੜ
ਆਪਣੀਆਂ ਨੁੱਕਰਾਂ ਤੇ ਓਹਲਿਆਂ ਵਿਚ

ਤਹਿ ਹੋ ਜਾਂਦੀ ਕਿਰਿਆਸ਼ੀਲਤਾ
ਪਰਦਿਆਂ ਦੀ ਅਹਿਲਤਾ ਪਿੱਛੋਂ
ਪਰਤ ਕੇ ਖਿੱਲਰ ਜਾਂਦੀ ਉਦਾਸੀ

ਊਰਜਾ ਦਾ ਇਕ ਹੈਂਗ-ਓਵਰ ਉੱਭਰਦਾ
ਢਹਿ ਪੈਂਦਾ ਮਨ ’ਤੇ
ਵੀਰਾਨ ਪਹਾੜ ਬਣ ਕੇ

ਨਿਗੂਣੀ ਜਿਹੀ ਤਸੱਲੀ
ਖੜ੍ਹੀ ਰਹਿੰਦੀ ਕੋਲ
ਮੋਢੇ ’ਤੇ ਹੱਥ ਰੱਖਦੀ
ਕਿ ਫਰਿੱਜ ਵਿਚ ਬਚਿਆ ਹੈ
ਹਫ਼ਤੇ ਭਰ ਦਾ ਖਾਣਾ

—3—

ਸੋਚਾਂ...ਮਾਣਿਆ ਹੀ ਨਹੀਂ
ਰੌਣਕ ਦੀ ਆਮਦ ਨੂੰ ਓਵੇਂ
ਚਾਹਿਆ ਸੀ ਮਾਨਣਾ ਜਿਵੇਂ

ਰੇਤ ਵਾਂਗ ਭੁਰ ਗਏ
ਪ੍ਰੋਗਰਾਮਾਂ ਦੇ ਮਾਡਲ
ਇਕੱਠੇ ਬੈਠੇ, ਨਾ ਗੱਲ ਹੀ ਹੋਈ
ਮੋਹ ਜਾਂ ਸਾਂਝ ਦੀ ਕੋਈ
ਜੇ ਹੋਈ ਤਾਂ ਉੱਭਰਿਆ
ਦੂਰ ਕਿਨਾਰਿਆਂ ’ਤੇ ਵਹਿੰਦੀਆਂ
ਲਹਿਰਾਂ ਦਾ ਵਖਰੇਵਾਂ
ਚਾਵਾਂ ਦੀ ਕਲੀ
ਅਣਗੌਲੀ ਸੁੱਕ ਗਈ
ਜਾਂ ਫਿਰ ਚਾਵਾਂ ਦਾ ਇਹ ਜੀਵਨ ਕਾਲ
ਚਿਤਵਨ ਦੇ ਪਲਾਂ ਵਿਚ ਹੀ
ਵਿਹਾਅ ਜਾਂਦਾ ਕਿਧਰੇ

ਭਾਵੇਂ ਘਰ ਨੇ ਲੈ ਗਏ ਹੋਣਗੇ
ਥੋੜ੍ਹੇ ਬਹੁਤ ਤਾਜ਼ੇ ਸਾਹ

—4—
ਘਰ ਦੇ ਥੱਕੇ ਅੰਗਾਂ
ਉੱਡਦੇ ਜਾਂਦੇ ਰੰਗਾਂ
ਬਾਸੀ ਜਿਹੀਆਂ ਹਵਾਵਾਂ
ਤੇ ਆਪਣੇ ਬੇ-ਤਰਤੀਬ ਸਾਹਾਂ ਵਿਚਕਾਰ
ਸੋਚਾਂ ਸਰਕਣ ਲੱਗਦੀਆਂ

ਘਰ ਦੇ ਅਤੀਤ ਵਿਚਲੀਆਂ
ਕਲਪਿਤ ਇਬਾਰਤਾਂ ਵਿਚ
ਕਦੇ ਵੀ ਨਹੀਂ ਸਨ ਲਿਖੇ
ਉਦਾਸੀ ਤੇ ਥਕਾਵਟ ਦੇ ਸ਼ਬਦ

ਕਿਹੜੀਆਂ ਹਵਾਵਾਂ ਦੇ
ਕਿਹੜੇ ਬੁੱਲ੍ਹਿਆਂ ਨਾਲ
ਕਿਸ ਤਰ੍ਹਾਂ ਉਤਰ ਆਏ ਇਹ
ਜੀਣ ਦੇ ਵਿਹੜੇ
ਨਾਲ ਲੈ ਕੇ ਨਿਰੰਤਰ ਧੁਖਦੇ
ਉਲਝੇ ਸੁਆਲਾਂ ਦੇ ਥੱਬੇ

ਕੀ ਘਰ...ਸਿਰਫ਼
ਉੱਘੜੀ-ਦੁੱਘੜੀ ਨੀਂਦ ਦਾ
ਵਿਛੌਣਾ ਹੀ ਹੈ...?

ਕੀ ਜ਼ਿੰਦਗੀ ਦੀਆਂ
ਕਿਆਸੀਆਂ ਖ਼ੁਸ਼ੀਆਂ ਦਾ ਅੰਜਾਮ

ਅਣਕਿਆਸੀਆਂ ਉਦਾਸੀਆਂ ਵਿਚ
ਲਿਪਟ ਜਾਣਾ ਹੀ ਹੁੰਦਾ...?

ਕੀ ਸੱਚਮੁੱਚ ਪਰੋਏ ਜਾ ਚੁੱਕਦੇ ਨੇ
ਸਾਰੇ ਹੀ ਰੰਗਾਂ ਦੇ ਅੰਗ
ਅਗਲੀਆਂ ਪੀੜ੍ਹੀਆਂ ਦੀ
ਕਲਪਿਤ ਉਡਾਰੀ ਦੇ ਕਦਮਾਂ ਵਿਚ...?

ਕੀ ਜ਼ਿੰਦਗੀ ਹੁੰਦੀ ਸਿਰਫ਼
ਇਕ ਰੇਸ਼ਮੀ ਡੋਰੀ ਨਾਲ
ਲਟਕਣ ਵਾਸਤੇ...?
ਤੇ ਉਦਾਸੀਆਂ ਨੂੰ ਗਲ ਲਾ ਕੇ
ਦਿਲਾਸੇ ਦੇਣ ਵਾਸਤੇ ਹੀ...

ਭੁਰ ਕੇ ਕਿਰਦੀ ਸਮਰੱਥਾ ਦਾ
ਕੋਈ ਵੀ ਅੰਸ਼
ਬਚਿਆ ਨਹੀਂ ਹੁੰਦਾ ਆਖ਼ਰ...?
ਜਿਸ ਨੂੰ ਸਹੇਜ ਕੇ ਕੋਈ
ਆਪਣੀਆਂ ਖਿੱਲਰੀਆਂ ਵਿੱਸਰੀਆਂ
ਚਾਹਤਾਂ ਦੇ ਟੋਟੇ ਜੋੜੇ
ਉਨ੍ਹਾਂ ਨੂੰ ਸੁਪਨਿਆਂ ਦਾ ਲਿਬਾਸ ਪਹਿਨਾਵੇ
ਤੇ ਹੌਲੀ ਹੀ ਸਹੀ...
ਫਿਰ ਤੋਂ ਤੁਰੇ
ਆਪਣੀ ਖ਼ਾਤਰ...
ਇਸ ਵਾਰ...
•

## ਘਰ-1

ਘਰ ਵਾਪਸ ਆਉਂਦੀ ਹਾਂ...ਕਿਤਿਓਂ
ਆਉਂਦਿਆਂ ਹੀ ਘਰ
ਮੋਹ ਦਾ ਛਿੜਕਾ ਕਰਦਾ
ਦਰਾਂ 'ਤੇ ਚਾਅ ਦਾ
ਤੇਲ ਚੋਣ ਲੱਗਦਾ
ਫਿਰ ਦਿਖਾਉਣ ਲੱਗਦਾ
ਵਿਛੋੜੇ ਦੀ ਉਦਾਸੀ ਦੀ
ਆਪਣੇ ਤੇ ਖਿੱਲਰੀ ਧੂੜ
ਸਾਂਝੀ ਕਰਦਿਆਂ...ਆਪਣੇ
ਉਦਾਸ ਅਹਿਸਾਸਾਂ ਦੀ ਗੰਧ
ਪਲੋਸਦਿਆਂ, ਇਕ ਦੂਜੇ ਨੂੰ
ਖੋਲ੍ਹ ਲੈਂਦੇ ਹਾਂ...
ਯਾਦਾਂ ਦੀਆਂ ਪੋਟਲੀਆਂ

ਸੁਣਨ ਲੱਗਦੇ ਹਾਂ...ਫਿਰ
ਹਵਾ ਦੀ ਸਥਿਰਤਾ ਵਿਚ ਪਈਆਂ
ਪੁਰਾਣੀਆਂ ਕਿਲਕਾਰੀਆਂ ਦੀਆਂ
ਸਾਬਤ ਸਬੂਤ ਝਨਕਾਰਾਂ
ਜਾਣੇ-ਅਣਜਾਣੇ ਕਾਰਨਾਂ 'ਚੋਂ ਫੁੱਟੇ
ਬੇ-ਅਖ਼ਤਿਆਰ ਹਾਸਿਆਂ ਦੇ
ਗੂੰਜਾਂ ਬਣੇ ਪਰਤੌਅ
ਰੰਗਦਾਰ ਇਬਾਰਤਾਂ ਵਿਚ ਲਿਪਟੇ
ਰੰਗ ਉੱਡੇ ਪਰਛਾਵੇਂ...ਚਿਤਾਰਦੇ
ਨਿੱਕੇ ਠੁਮਕਦੇ ਕਦਮਾਂ ਦੀ
ਛਣਕਾਰ ਤੋਂ...ਗੇਟ ਦੇ ਬਾਹਰ ਤਕ
ਨਿਕਲ ਗਈਆਂ, ਬਾਲਗ ਪੈੜਾਂ ਦੇ

ਪਕੇਰੇ ਰੰਗ ਦੇ ਨਿਸ਼ਾਨ
ਜੋ...ਅਜੇ ਵੀ ਸਿਰਜੀ ਬੈਠੇ
ਇਕ ਤੰਤਰ ਜਿਹਾ, ਘਰ ਵਿਚ
ਜਿਸ ਵਿਚ...ਘਰ ਤੇ ਮੈਂ
ਬੇਖ਼ੌਫ਼ ਵਿਚਰਦੇ ਅਕਸਰ
ਦੂਰ ਤਕ ਨਿਕਲ ਜਾਂਦੇ
ਕਦੇ ਸਾਰੀ ਨੀਂਦ ਵੀ
ਉਥੇ ਹੀ ਗੁਜ਼ਾਰ ਆਉਂਦੇ

ਬਸ ! ਗੁੰਮਸੁੰਮ ਵਾਦੀਆਂ ਦੀ
ਇਹ ਆਜ਼ਾਦੀ
ਰਾਸ ਆ ਗਈ
ਘਰ ਨੂੰ ਤੇ ਮੈਨੂੰ...
•

## ਘਰ-2

ਘਰ ਦੀ ਉਦਾਸੀ ਵਿਚ ਬੈਠ
ਸੋਚਾਂ ਅਕਸਰ
ਕੈਸਾ ਪਿਆਰ ਹੈ, ਮੇਰਾ ਇਹ
ਜ਼ਿੰਦਗੀ ਦੇ ਰੰਗਾਂ ਦੀ ਥਾਂ
ਉਨ੍ਹਾਂ ਦੇ ਪਰਛਾਵਿਆਂ ਨਾਲ
ਕਿਲਕਾਰੀਆਂ ਦੀ ਥਾਂ
ਸੁੰਨੀ ਚੁੱਪ ਨਾਲ
ਕਿਉਂ ਲਿਪਟਦੇ ਹਾਂ
ਇਕ ਦੂਜੇ ਨੂੰ
ਘਰ...ਤੇ ਮੈਂ...ਦੋਵੇਂ
ਆਪਣੀਆਂ ਅਦਿੱਖ ਹੱਸਾਸ
ਟੋਹ ਸਿੰਗੀਆਂ ਨਾਲ

ਸੋਚ ਦੇ ਗਲਿਆਰਿਆਂ ਵਿਚ
ਭਟਕਦਿਆਂ...ਮੈਂ ਸਦਾ
ਫੋਲਦੀ ਹਾਂ ਖਾਨੇ ਆਪਣੇ...
ਕਿਸ ਨੇ ਰੱਖਿਆ ਹੈ ਕਿੱਥੇ ਕਿਤੇ
ਮੇਰੇ ਨਾਮ ਕਰ ਦਿੱਤੀ
ਉਦਾਸੀ ਦਾ ਬੈਅ-ਨਾਵਾਂ

ਪੁੱਟ ਉਖਾੜ ਲਵਾਂ ਅਕਸਰ
ਮਨ ਦੀ ਅਪਾਰਦਰਸ਼ੀ ਮਿੱਟੀ
ਕਿ ਕਿਸ ਪਲ ਨੇ ਦੱਬਿਆ
ਕਿਤੇ ਟੂਣੇ ਜਿਹਾ ਕੁਝ...
ਜੋ ਲਗਾਤਾਰ ਧੂੰਏਂ ਦੀਆਂ
ਮਿਕਨਾਤੀਸੀ ਘੁੰਮਣਘੇਰੀਆਂ ਵਾਹੁੰਦਾ
ਮੈਨੂੰ ਅੰਦਰ ਖਿੱਚ ਲੈਂਦਾ

ਇਸ ਉੱਥਲ-ਪੁੱਥਲ
ਇਸ ਫੋਲ-ਫੁਲਾਈ ਵਿਚ
ਕਈ ਤਰ੍ਹਾਂ ਦੇ ਤੂਫ਼ਾਨੀ ਪਲ
ਆਜ਼ਾਦ ਹੋ ਜਾਂਦੇ
ਮੇਰੇ ਉੱਪਰ ਹੋ ਕੇ ਵਹਿੰਦੇ
ਮੈਨੂੰ ਘਰ ਦੇ ਰੂਬਰੂ ਲਿਆ ਧਰਦੇ
ਜਿਥੇ ਘਰ ਦੀ ਤੇ ਮੇਰੀ
ਸਾਰੇ ਹਾਸਿਆਂ ਤੇ ਹੌਕਿਆਂ ਸਮੇਤ
ਪੱਕੀ ਆੜੀ ਦਾ ਉਸਾਰ ਹੈ
ਰਿਸ਼ਤੇ ਹੀ ਆਉਂਦੇ ਜਾਂਦੇ ਰਹੇ
ਆਪਣੇ ਰੰਗਾਂ ਦੇ ਝਲਕਾਰਿਆਂ ਨਾਲ
•

## ਘਰ-3

ਕੀ ਹੁੰਦਾ, ਘਰ ਆਖ਼ਰ...
ਜਿਸ ਦੀਆਂ ਜਾਦੂਈ ਤਰੰਗਾਂ
ਪਸਾਰਦੀਆਂ, ਚੈਨ ਤੇ ਬੇਚੈਨੀ ਦੋਵੇਂ

ਭਾਰੂ ਹੋ ਜਾਂਦੀ ਜ਼ਿੰਦਗੀ ਤੇ
ਇਸ ਦੀ ਹੋਂਦ ਤੇ ਅਣਹੋਂਦ ਵੀ

...ਕਸਤੂਰੀ ਹੁੰਦੀ ਕੋਈ...
ਇਸ ਦੀ ਹੱਸਾਸ ਜਿਹੀ ਮਿੱਟੀ ਵਿਚ
ਸੋਚਾਂ ਸਵਾਸਾਂ
ਅਹਿਸਾਸਾਂ ਵਿਚ ਰਚਦੀ...
ਸਿਰ ਚੜ੍ਹ ਬੋਲਦੀ

ਬੇਜਾਨ ਜਿਹਾ ਘਰ
ਜੀਵ ਦੇ ਅੰਦਰ ਵੱਸ ਕੇ
ਜ਼ਿੰਦਗੀ ਦੀ ਜਿੰਦ ਜਾਨ ਬਣ ਜਾਂਦਾ
•

## ਘਰ-4

ਜਨਮ ਦੇ ਪਹਿਲੇ ਸਾਹ ਨਾਲ
ਕਿਸੇ ਬੋਹੜ ਵਾਂਗ
ਮਨੁੱਖ ਦੇ ਅੰਦਰ
ਉੱਗਦਾ ਏ ਘਰ...

ਸ਼ਾਖ਼ਾ ਫੁੱਟਦੀਆਂ, ਫੈਲਦੀਆਂ
ਰਚ ਜਾਂਦੀਆਂ ਅਣੂਆਂ ਵਿਚ
ਜਿਨ੍ਹਾਂ ਦੇ ਪੱਤਿਆਂ ਦੀ ਛਾਂ
ਤੇ ਸਰਸ਼ਾਰਤਾ ਦੇ ਸਾਥ ਵਿਚ
ਲਹਿਰਦੀ ਪੱਲਰਦੀ ਜ਼ਿੰਦਗੀ

ਪੱਤਿਆਂ 'ਚੋਂ ਛਣ ਕੇ ਆਉਂਦੀ
ਤਿੱਤਰ ਮਿੱਤਰੀ ਧੁੱਪ ਨਾਲ
ਇਕ-ਮਿਕ ਹੋ ਜਾਂਦੇ ਸਾਹ

ਲੂੰ ਲੂੰ ਵਿਚ ਰਚ ਕੇ ਘਰ
ਹੋਂਦ ਦਾ 'ਜੁੜਵਾਂ' ਹੋ ਜਾਂਦਾ...
•

## ਘਰ-5

ਘਰ ਵਿਚ ਵੱਸਦਿਆਂ
ਜਾਂ ਨਾ ਵੱਸਦਿਆਂ ਵੀ
ਇਹ ਜ਼ਿੰਦਗੀ ਦਾ ਜ਼ਿੰਮੇਵਾਰ
ਅਹਿਸਾਸ ਹੀ ਰਹਿੰਦਾ

ਜੰਗਲੀ ਜਾਨਵਰ ਜੰਗਲਾਂ ਦੀ
ਵਿਸ਼ਾਲਤਾ ਵਿਚ ਵੀ
ਘਰ ਦੀ ਚਿੰਨ੍ਹਾਤਮਕ
ਨਿਸ਼ਾਨਦੇਹੀ ਕਰਦੇ

ਤਰੱਦਦ ਨਾਲ ਸਿਰਜਦੇ ਪੰਖੇਰੂ
ਅੱਧ ਅਸਮਾਨੀਂ ਆਲ੍ਹਣੇ

ਆਂਡੇ ਚੁੱਕੀ ਫਿਰਦੀਆਂ ਕੀੜੀਆਂ
ਕਿਸੇ ਘਰ ਦੀ ਤ੍ਰੇੜ ਵਿਚ
ਘਰ ਦਾ ਅਹਿਸਾਸ ਮਾਣਦੀਆਂ

ਘਰ ਜਿੰਨਾ ਹੀ ਜ਼ਰੂਰੀ ਹੁੰਦਾ
ਘਰ ਦਾ ਅਹਿਸਾਸ
•

## ਘਰ-6

ਘਰ ਜੀਵ ਦੇ ਮਨ ਵਿਚ ਉੱਸਰੀ
ਉਸ ਦੀ ਛਿਪਣਗਾਹ...ਹੁੰਦਾ
ਜਿਸ ਨੂੰ ਵਜੂਦ ਨਾਲ ਚੰਬੇੜੀ
ਘੋਗੇ ਵਾਂਗ ਚੁੱਕੀ ਫਿਰਦਾ ਉਹ...
ਜ਼ਿੰਦਗੀ ਦੇ ਹਰ ਦਾਇਰੇ ਦਾ
ਨਾਭੀ ਬਿੰਦੂ ਬਣਾ ਲੈਂਦਾ...

ਜਵਾਲਾਮੁਖੀਆਂ ਦੇ ਮੁਹਾਣਿਆਂ ’ਤੇ ਵੱਸੇ
ਉਨ੍ਹਾਂ ਦੇ ਰੋਹ ਨਾਲ ਝੁਲਸਦੇ

ਦਰਿਆਵਾਂ ਦੇ ਕਿਨਾਰਿਆਂ ’ਤੇ ਰਹਿੰਦੇ
ਆਏ ਹੜ੍ਹਾਂ ਨਾਲ ਰੁੜ੍ਹਦੇ

ਹੱਦਾਂ ਸਰਹੱਦਾਂ ਤੇ ਘਰਾਂ ਵਾਲੇ
ਜੰਗਾਂ ਨਾਲ ਤਬਾਹ ਹੋਣ ਵਾਲੇ
ਸਾਰੇ ਲੋਕ
ਜਵਾਲਾਮੁਖੀਆਂ ਦੇ ਸ਼ਾਂਤ ਹੋਣ ’ਤੇ
ਦਰਿਆਵਾਂ ਦੇ ਕਿਨਾਰਿਆਂ ਅੰਦਰ
ਪਰਤ ਜਾਣ ’ਤੇ
ਤੇ ਜੰਗਾਂ ਮੁੱਕਣ ’ਤੇ
ਮੁੜਦੇ ਜ਼ਖ਼ਮੀ ਘਰਾਂ ਨੂੰ
ਉਨ੍ਹਾਂ ਦੀ ਮਲ੍ਹਮ ਪੱਟੀ ਕਰਦੇ
ਤੇ ਸੀਨਿਆਂ ਨਾਲ ਲੱਗ ਜਾਂਦੇ
ਆਪਣੇ ਘਰਾਂ ਦੇ
ਜੋ ਜ਼ਿੰਦਗੀ ਦੀ ਸੋਚ ਦਾ ਧੁਰਾ
ਤੇ ਉਸ ਦੀ ਛਿਪਣਗਾਹ ਹੁੰਦਾ
•

## ਘਰ-7

ਘਰ ਵਿਚ ਰਹਿਣ ਵਾਲਿਆਂ ਦੇ
ਮੋਢਿਆਂ ਨੂੰ ਪਲੋਸਦਾ ਘਰ
ਪਰ ਉੱਗਦੇ—ਤੇ ਪੱਲਰਦੇ
ਪਰਾਂ ਵਿਚ ਉਡਾਰੀ ਉੱਗਦੀ
ਖੰਭ ਉੱਡਣ ਲਈ ਫੜਫੜਾਉਂਦੇ

ਪਰਵਾਸ ਵੱਲ ਅਹੁਲਦੇ
ਛੰਡ ਕੇ ਘਰ ਨੂੰ
ਉੱਡ ਪੈਂਦੇ ਸੁਪਨਿਆਂ ਦੀਆਂ
ਸਤਰੰਗੀਆਂ ਦੇ ਦੇਸਾਂ ਵੱਲ
ਉਤਾਰਾ ਕਰਦੇ ਜਿਥੇ ਵੀ ਉਹ
ਪਰ ਬੇਚੈਨ ਹੁੰਦੇ
ਲੱਭਣ ਲੱਗਦੇ ਘਰ

ਖਾਨਾਬਦੋਸ਼ੀ ਜਾਗਦੀ
ਉਦਰੇਵੇਂ ਪੁੰਗਰਦੇ
ਉਸੇ ਘਰ ਵਾਸਤੇ
ਜਿਸ ’ਚੋਂ ਉਡਦਿਆਂ ਉਹ
ਅਚੇਤ ਹੀ...ਨਾਲ ਚੁੱਕ ਲਿਆਏ ਉਸ ਨੂੰ

ਸਮਰੱਥ ਕੰਧਾਂ ਤੇ ਸ਼ਾਨਦਾਰ
ਛੱਤਾਂ ਅੰਦਰ ਬੈਠਿਆਂ ਦੇ ਅੰਦਰ
ਵਿਸਰਿਆ ਘਰ ਸਰਕਦਾ
ਲੂੰ-ਲੂੰ ਯਾਦਾਂ ਦੀਆਂ ਮੋਮਬੱਤੀਆਂ
ਬਣ ਬਣ ਜਗਦਾ ਬੁਝਦਾ ਰਹਿੰਦਾ

ਬੰਦਾ ਘਰ ਨੂੰ ਛੱਡ ਵੀ ਦੇਵੇ
ਘਰ ਉਸ ਨੂੰ ਕਦੇ ਨਹੀਂ ਛੱਡਦਾ
ਨਾਲੇ ਨਾਲ ਭਰਦਾ ਪਰਵਾਜ਼
ਜ਼ਿੰਦਗੀ ਦੀਆਂ ਰਗ਼ਾਂ ਵਿਚ ਵਹਿੰਦਾ
•

## ਘਰ-8

ਮਨੁੱਖ ਬੇਜਾਨ ਕੰਧਾਂ ਨੂੰ
ਅਪਣੱਤ ਦਾ ਅਹਿਸਾਸ ਦੇ ਕੇ
ਹੋਂਦ ਦਾ ਸਨਮਾਨ ਦੇਂਦਾ
ਤੇ ਘਰ...ਮਨੁੱਖ ਨੂੰ
ਜ਼ਿੰਮੇਵਾਰ ਹੋਣ ਦਾ
ਅਹਿਸਾਸ ਦੇ ਕੇ ਉਸ ਦੀ ਹੋਂਦ ਨੂੰ
ਸਨਮਾਨ ਨਾਲ ਜੋੜਦਾ

ਬੇ-ਠਹੁਰ, ਬੇਟਿਕਾਣਾ
ਨਿਸ਼ਚੈ-ਹੀਣ ਤਿਲਕਣ ਦਾ
ਸ਼ਿਕਾਰ ਹੋਣੋਂ ਬਚਾ ਲੈਂਦਾ
ਖਿੱਚ ਲੈਂਦਾ ਪਗਡੰਡੀਆਂ ਦੀ
ਆਵਾਰਗੀ ਵਿਚ ਗੁੰਮ ਜਾਣੋਂ

ਬਚਾਅ ਲੈਂਦਾ ਮਨੁੱਖ ਨੂੰ
ਆਪਣੀ ਵਿਹਲ ਅੰਦਰ
ਕਿਰ ਕੇ ਮੁੱਕਣੋਂ
ਤੇ ਵਜੂਦ ਹੀਣ ਹੋਣ ਦੀ
ਯਖ਼ ਉਦਾਸੀ ਤੋਂ

ਮਨੁੱਖ ਘਰ ਨੂੰ
ਵਜੂਦ ਦੀ ਮਿੱਟੀ ਨਾਲ ਬੀਜਦਾ
ਤੇ ਘਰ ਉਸ ਨੂੰ ਅੰਦਰੋਂ ਜੋੜਦਾ
ਖਿੰਡਾਅ ਨੂੰ ਸੰਭਾਲਦਾ
ਆਰਾਮ ਤੇ ਇਹਤਰਾਮ ਦੇਂਦਾ
ਮਨੁੱਖ ਦਾ ਖ਼ੁਦ ਨੂੰ ਦਿੱਤਾ
ਸਨਮਾਨ ਹੁੰਦਾ ਘਰ

•

## ਘਰ-9

ਘਰ ਬੜਾ ਹੱਸਾਸ ਹੁੰਦਾ
ਲਗਾਤਾਰ ਸੰਭਾਲਦਾ
ਅੰਦਰ ਜੀ ਕੇ ਚਲੇ ਗਏ
ਭਾਵਾਂ ਦੇ ਘੋਗੇ ਸਿੱਪੀਆਂ

ਸਮੇਟਦਾ ਰਹਿੰਦਾ ਪਰਤਾਂ ਵਿਚ
ਛੋਹਾਂ ਤੇ ਚੋਭਾਂ ਨਾਲ ਭਰੇ
ਸੋਚਾਂ ਤੇ ਵਰਤਾਰਿਆਂ ਦੇ
ਰੇਸ਼ਮੀ ਤੇ ਖੁਰਦਰੇ ਉਤਾਰ

ਦਰਜ ਕਰ ਲੈਂਦਾ ਹਰ ਆਹਟ
ਉਸ ਦੇ ਅੰਦਰਲੇ
ਸੋਚਾਂ ਦੇ ਬਵੰਡਰਾਂ ਸਮੇਤ

ਨਿਖੇੜ ਕੇ ਸਹੇਜ ਲੈਂਦਾ
ਧੁਨੀ ਦੇ ਅੰਬਾਰਾਂ 'ਚੋਂ
ਮੋਹ ਭਰੀਆਂ ਬੇਆਵਾਜ਼ ਧੁਨੀਆਂ ਦੇ
ਬੇਚੈਨ ਚੱਕਰਵਾਤ

ਤਸਵੀਰਕਸ਼ੀ ਕਰ ਲੈਂਦਾ
ਹਰੇਕ ਬੋਲ ਤੇ ਕਦਮ ਦੀ
ਸੁਲਾ ਲੈਂਦਾ ਗੋਦ ਵਿਚ
ਪਰਤਾਉਂਦਾ ਰਹਿੰਦਾ...
ਸਾਹ ਦਰ ਸਾਹ—ਛੋਹ ਦਰ ਛੋਹ
ਨਜ਼ਰ ਦਰ ਨਜ਼ਰ—ਹੌਕਾ ਦਰ ਹੌਕਾ
ਮਿਲੀਏ ਨਾ ਮਿਲੀਏ

ਅਨੇਕ ਪਰਤੀ ਵਰਤਾਰਾ
ਯਾਦਾਂ ਦਾ ਅਜਾਇਬ-ਘਰ ਹੁੰਦਾ ਘਰ...
•

## ਘਰ-10

ਘਰ ਖੜ੍ਹਾ ਰਹਿੰਦਾ
ਜ਼ਿੰਦਗੀ ਦੇ ਪਾਸਾਰਾਂ ਦੇ
ਸਮੁੰਦਰ ਦੇ ਵਿਚਾਲੇ
ਸਮਿਆਂ ਦੇ ਜਵਾਰਭਾਟਿਆਂ ਵਿਚ

ਸਿਲਸਿਲਿਆਂ ਦੀਆਂ ਲਹਿਰਾਂ ਦੇ
ਅੰਤਹੀਣ ਤੂਫ਼ਾਨੀ ਖਿਲਾਰਾਂ
ਤੇ ਉਨ੍ਹਾਂ ਦੀਆਂ ਗੁੰਮਰਾਹਕੁੰਨ
ਗਹਿਰਾਈਆਂ ਤੇ ਘੁੰਮਣਘੇਰੀਆਂ ਦੀ
ਸੰਘਣੀ ਝੱਗ ਦੇ ਵਿਚ ਵਿਚਾਲੇ
ਸੁਪਨਿਆਂ ਨੂੰ ਉੱਗਣ ਦੇਂਦਾ
ਪੱਲਰਣ ਤੇ ਪਰਵਾਨ ਚੜ੍ਹਨ ਦੇਂਦਾ
...ਫਿਰ ਤੱਕਦਾ ਉਨ੍ਹਾਂ ਨੂੰ
ਉਡਦਿਆਂ ਕਦੇ ਡਿੱਗਦਿਆਂ

ਡੁੱਬਦੇ ਤਰਦੇ ਭਟਕਦੇ
ਹਾਰੇ, ਹੁੱਟੇ, ਨਾਕਾਮ
ਉਦਾਸ ਨਿਰਾਸ਼ ਤੇ ਥੱਕੇ
ਸੁਪਨਿਆਂ ਲਈ ਘਰ
ਇਕ ਵੀਰਾਨ ਲਾਈਟ ਹਾਊਸ
ਬਣ ਜਾਂਦਾ...
•

## ਘਰ ਦਾ ਸੌਦਾ

ਬੜੀ ਗੁੰਮ ਸੁੰਮ ਫਿਰ ਰਹੀ ਸੀ ਹਵਾ
ਸ਼ਾਇਦ ਘਰ ਨੂੰ ਲੱਗ ਗਈ ਸੀ
ਆਉਣ ਵਾਲੀਆਂ ਘਟਨਾਵਾਂ ਦੀ ਸੋਅ

ਉਦਾਸੀ ਦੇ ਟਿੱਲੇ ਹੇਠ ਦੱਬਿਆ
ਇਕੱਲ ਦੀ ਹੁੰਮਸ ਕੋਠੜੀ ਵਿਚ
ਉਹ ਤਾਂ ਪਹਿਲਾਂ ਹੀ ਭੁਰ ਰਿਹਾ ਸੀ...

ਏਧਰ ਵੀ ਮੁਸ਼ਕਿਲ ਸੀ ਸਭ ਲਈ
ਸ਼ਹਿਰ ਦੀ ਜਾਲੀਦਾਰ ਜ਼ਿੰਦਗੀ 'ਚੋਂ
ਪਿੰਡ ਦੀ ਧੂੜ ਧੂੰਏਂ ਦੀ ਖੁੱਲ੍ਹ ਵਿਚ ਜਾਣਾ

ਘਰ ਦਾ ਸੌਦਾ ਹੋ ਗਿਆ...

ਵੱਡੇ ਨਵਾਰੀ ਪਲੰਘ ਚੁੱਕ ਲਏ ਗਏ
ਜਿਨ੍ਹਾਂ ਦੀ ਗੋਦੀ ਵਿਚ
ਤਿੰਨਾਂ ਪੀੜ੍ਹੀਆਂ ਦੀਆਂ ਰਾਤਾਂ ਨੇ
ਆਪਣੇ ਸੁਪਨੀਂਦੇ ਸਾਂਵਲੇਪਣ ਨੂੰ ਮਾਣਿਆ

ਪਿੱਤਲ ਦੇ ਕੋਕਿਆਂ ਵਾਲਾ ਸੰਦੂਕ
ਜਿਸ ਨੂੰ ਘਰ ਦੀ ਵਡੇਰੀ
ਮੋਹ, ਮਾਣ ਤੇ ਜਿੰਦ ਨਾਲ ਸਾਂਭਦੀ
ਤੇ ਜਿਸ ਦਾ ਜਿੰਦਰਾ ਕੁੰਜੀ
ਸਾਰਿਆਂ ਲਈ ਭੇਦ ਬਣਿਆ ਰਹਿੰਦਾ
ਉਹ ਕਿਸੇ ਹੋਰ ਘਰ ਵਿਚ
ਉਹੋ ਕੁਝ ਕਰਨ ਕਰਾਉਣ ਲੱਗਾ

ਪਿੱਤਲ ਦੀਆਂ ਗਾਗਰਾਂ, ਦੇਗਬਰ
ਵਲਟੋਹੀਆਂ, ਗੜਵੇ, ਛੰਨੇ
ਤੇ ਥਾਲੀਆਂ ਵੰਡ ਲਏ ਗਏ

ਮਿੱਟੀ ਦਾ ਉਚਾਂਵਾ ਚੁੱਲ੍ਹਾ ਤੇ ਭੜੋਲੀ
ਜੋ ਘਰ ਵਾਲਿਆਂ ਦੀ ਰੋਟੀ ਟੁੱਕ ਖ਼ਾਤਰ
ਗੋਹਿਆਂ ਦੇ ਅੰਗਿਆਰਾਂ ਨਾਲ ਤਪਦੇ ਰਹੇ
ਹੋਰ ਨਿੱਕ ਸੁੱਕ ਦੇ ਨਾਲ
ਕਿਸੇ ਨਾ ਕਿਸੇ ਨੂੰ ਦੇ ਦਿੱਤੇ ਗਏ

ਪਰ...ਇਵੇਂ ਦੀਆਂ ਕੁਝ ਹੋਰ ਚੀਜ਼ਾਂ
ਕਿਸੇ ਦੇ ਵੀ ਕੰਮ ਦੀਆਂ ਨਹੀਂ ਸਨ
ਲੱਸੀ ਵਾਲੀ ਚਾਟੀ
ਮਿੱਟੀ ਦੀ ਹੀ ਦੁੱਧ ਦੀ ਕਾੜ੍ਹਨੀ ਤੇ ਤੌੜੀ

ਉਹ ਸਾਰੀਆਂ ਇਕ ਨੁੱਕਰੇ
ਕੰਧ ਨਾਲ ਢੋਅ ਲਾਈ ਖੜ੍ਹੀਆਂ
ਧੁਆਂਖੇ ਚਿਹਰਿਆਂ 'ਚੋਂ
ਉਦਾਸ...ਤੱਕਦੀਆਂ ਰਹੀਆਂ
ਘਰ ਦੀ ਸਲਤਨਤ ਬਦਲਦਿਆਂ

ਤੰਦ ਤੰਦ ਵਿਛੜਦੇ ਅਸੀਂ...ਅੰਤ
ਇਕ ਝਟਕੇ ਨਾਲ ਘਰ ਨਾਲੋਂ ਟੁੱਟ ਆਏ

ਦਹਾਕਿਆਂ ਪਿੱਛੋਂ
ਉਸ ਝਟਕੇ ਪਿੱਛੋਂ ਨਿਕਲ ਕੇ
ਪੂਰੇ ਦਾ ਪੂਰਾ ਘਰ
ਉਤਰ ਆਇਆ ਮਨ ਵਿਚ

ਹੁਣ ਕਦੇ ਚੌਂਕੇ ਵਿਚ ਭਾਂਡਾ ਡਿੱਗਦਾ ਸੁਣਦਾ
ਕਦੇ ਨਲਕੇ ਦੀ ਹੱਥੀ ਖੜਕਦੀ
ਤੇ ਕਦੇ ਭੜੋਲੀ 'ਚੋਂ ਰਿੱਝਦੀ ਦਾਲ ਦੀ
ਮਹਿਕ ਰਲਿਆ ਧੂੰਆਂ
ਸਾਰੇ ਮਨ ਵਿਚ ਭਰ ਕੇ ਕਹਿੰਦਾ—
ਹੁਣ ਸੌਦਾ ਕਰ ਕੇ ਵਿਖਾਓ...

•

## ਘਰ-1

ਇੱਛਾ ਸੀ
ਏਨਾ ਕੁ ਵੱਡਾ ਘਰ ਹੋਵੇ
ਜਿਥੇ ਹਰ ਜੀਅ ਨੂੰ
ਆਪਣੇ ਹਿੱਸੇ ਦਾ ਘਰ ਮਾਣ ਕੇ
ਮਰਜ਼ੀ ਨਾਲ ਜੀਣ ਦੀ
ਪੂਰੀ ਖੁੱਲ੍ਹ, ਪੂਰੀ ਆਜ਼ਾਦੀ ਮਿਲੇ
ਤੇ ਘਰ ਲਿਪਟਿਆ ਹੋਵੇ
ਮੋਹ ਦੇ ਲਿਬਾਸ ਵਿਚ

ਇਵੇਂ ਹੀ ਹੋ ਗਿਆ
ਅਣਮਿਣਿਆਂ ਅਣਤੁਲਿਆ ਮੋਹ
ਤੇ ਬੇਹਿਸਾਬ ਖੁੱਲ੍ਹ, ਪੂਰੀ ਆਜ਼ਾਦੀ
ਨਾਲ ਨਾਲ ਤੁਰੇ
ਨਿੱਜੀ ਤੇ ਨਿੱਜ ਲਈ
ਜੀਣ ਦੇ ਰੌਂਅ ਵਿਚ
ਤੇਜ਼ੀ ਆਉਂਦੀ ਗਈ

ਤੇਜ਼ ਰਫ਼ਤਾਰੀ ਵਿਚ
ਜਿੱਤ ਗਈ ਆਜ਼ਾਦੀ

ਮੋਹ ਸਹਿਜ ਸੀ
ਪਿੱਛੇ ਰਹਿ ਗਿਆ
ਤੇ ਨਿੱਖੜ ਕੇ
ਕਿਤੇ ਗੁਆਚ ਗਿਆ

ਹੁਣ ਉਹ ਵੱਡੇ ਘਰ ਵਿਚ
ਨਿਥਾਵਾਂ ਜਿਹਾ
ਅੱਕ ਫੰਭੜੀ ਵਾਂਗ ਹਵਾ ਵਿਚ ਤਰਦਾ
ਉਤਰਨ ਲਈ ਥਾਂ ਲੱਭਦਾ ਰਹਿੰਦਾ
•

## ਘਰ-2

ਘਰ ਇਕ ਕੈਨਵਸ ਸੀ
ਤੇ ਮੋਹ ਇਸ ਦਾ ਤਾਣਾ ਬਾਣਾ
ਜ਼ਿੰਦਗੀ ਇਸ ਤੇ ਰਿਸ਼ਤੇ ਵਾਹੁੰਦੀ
ਉਨ੍ਹਾਂ ਵਿਚ ਰੰਗ ਭਰਦੀ

ਜਦ ਰਿਸ਼ਤੇ ਸੁੰਗੜਨ ਲੱਗੇ
ਆਪਣੇ ਆਪ ਵਿਚ
ਆਪਣੇ ਤਕ ਸੀਮਤ ਹੋ ਕੇ
ਘਰ ਦੇ ਕੈਨਵਸ ਦੇ ਤੰਦ ਟੁੱਟਣ ਲੱਗੇ

ਆਪਣੇ ਦਾਇਰਿਆਂ ਦੀਆਂ
ਸੀਮਾਵਾਂ ਨੂੰ ਸਾਂਭਦਾ
ਹਫ਼ਦਾ ਹਫ਼ਦਾ ਘਰ
ਲੀਰਾਂ ਲੀਰਾਂ ਹੋ ਰਿਹਾ ਹੁਣ

•

## ਘਰ-3

ਮੋਹ ਦੇ ਬੂਣੇ
ਹਫ਼ ਰਹੇ ਘਰ ਨੂੰ
ਬਹੁਤ ਖਿੱਚ ਖਿੱਚ ਕੇ
ਆਉਣ ਲੱਗਾ ਏ ਸਾਹ

ਕਦੇ ਖਿੱਚੀ ਜਾਂਦੀ ਏ
ਕੋਈ ਮੋਹ ਦੀ ਤੰਦ ਕਿਸੇ ਪਾਸੇ
ਤੇ ਢਿੱਲੀ ਹੋ ਕੇ ਕੋਈ ਹੋਰ
ਲਟਕਣ ਲੱਗਦੀ
ਲਗਾਤਾਰ ਕੱਸ ਪੈਣ ਨਾਲ
ਕੱਸੀਆਂ ਤੰਦਾਂ ਕੱਸਕ ਬਣਦੀਆਂ

ਕੰਧਾਂ, ਛੱਤਾਂ ਤੇ ਜ਼ਮੀਨ ਤਕ
ਪੱਸਰੀ ਬੇਬਸੀ ਵਿਚ
ਉਡਾਰੂ ਹੋਣ ਲੱਗੇ
ਰਿਸ਼ਤਿਆਂ ਨੂੰ
ਹੱਥਾਂ ਨਾਲ ਸੰਭਾਲਦਾ ਏ ਘਰ
ਤਾਂ ਪੈਰ ਬੇ-ਕਾਬੂ ਹੋ ਜਾਂਦੇ
ਪੈਰਾਂ ਪਿੱਛੇ ਦੌੜਦੇ ਘਰ ਦਾ
ਘੁੱਟਣ ਲੱਗਦਾ ਏ ਦਮ

ਆਪਣੀ ਇਕੱਲ ਦੇ ਖੰਡਰ ਵਿਚ ਪਿਆ
ਸਾਹੋ ਸਾਹੀ ਹੋਇਆ
ਮਰ ਰਿਹਾ ਹੈ ਘਰ

•

## ਸ਼ੁਕਰੀਆ

ਸ਼ੁਕਰਗੁਜ਼ਾਰ ਹਾਂ ਮੈਂ ਤੇਰੀ
ਮੇਰੇ ਘਰ...
ਤੂੰ ਮੇਰਾ ਹੈਂ...ਤੂੰ ਹੋਰ ਕਈਆਂ ਦਾ ਵੀ ਹੈਂ

ਧੰਨਵਾਦ ਤੇਰਾ...ਵਰ੍ਹਿਆਂ ਦੇ ਵਰ੍ਹੇ
ਮੇਰੀ ਭਰੋਸੇਮੰਦ
ਸ਼ਰਨਗਾਹ ਬਣੇ ਰਹਿਣ ਵਾਸਤੇ
ਜਿਥੇ ਮੈਂ ਸੌਂ ਸਕਦੀ...ਬੇਫ਼ਿਕਰੀ ਭਰੀ
ਗਹਿਰੀ ਨੀਂਦ ਵਿਚ
ਸੁਪਨਿਆਂ ਦੀਆਂ ਕਿਆਰੀਆਂ ਗੋਡਦੀ
ਉਨ੍ਹਾਂ ਲਈ ਬੀਜ ਲੱਭਦੀ
ਤੇ ਲੱਭੇ ਬੀਜਾਂ ਦੀਆਂ ਪੁੰਗਰੀਆਂ ਕਰੂੰਬਲਾਂ ਦੀ
ਮਹਿਕ ਨੂੰ ਆਪਣੇ ਹੌਂਸਲੇ ਵਿਚ ਘੋਲਦੀ ਰਹਿੰਦੀ
ਜੋ ਮੇਰੇ ਲਈ ਸਦਾ ਸ਼ਕਤੀਪਾਤ ਬਣਦੀ

...ਤੇ ਇਕ ਸ਼ੁਕਰੀਆ
ਆਪਣੀ ਹੋਂਦ ਵਿਚ
ਮੇਰਾ ਯਕੀਨ ਨਾ ਟੁੱਟਣ ਦੇਣ ਲਈ
ਸੰਘਰਸ਼ ਤੇ ਜ਼ਖ਼ਮਾਂ ਦੀਆਂ
ਲੰਬੀਆਂ ਲੜੀਆਂ ਦੌਰਾਨ ਵੀ

ਜਦ ਵੀ ਕੋਈ ਤ੍ਰੇੜ ਉੱਭਰਦੀ
ਜ਼ਿੰਦਗੀ ਜਾਂ ਰਿਸ਼ਤਿਆਂ ਦੀ ਵਿਸ਼ਵਾਸਯੋਗਤਾ ਵਿਚ
ਤੇਰੀ ਕਿਰਿਆਸ਼ੀਲਤਾ ਹੀ ਪੂਰਦੀ ਸਦਾ
ਮੇਰੇ ਅੰਦਰ ਬਣਦੇ ਖੱਪੇ
ਕਰਦੀ ਰਹਿੰਦੀ ਕੋਸ਼ਿਸ਼
ਮੈਨੂੰ ਸਾਬਤ ਸਬੂਤ ਰੱਖਣ ਦੀ

ਤੂੰ ਹੀ ਸਿਖਾਇਆ ਨਿਭਣਾ ਤੇ ਨਜਿੱਠਣਾ
ਰਿਸ਼ਤਿਆਂ ਦੇ ਬਦਲਦੇ ਕੋਣਾਂ ਤੇ ਪਹਿਲੂਆਂ ਨਾਲ

ਸ਼ੁਕਰੀਆ ਤੇਰਾ...
ਤੂੰ ਸਾਂਭ ਰੱਖੀਆਂ ਸਾਰੀਆਂ ਤਸਵੀਰਾਂ
ਮੇਰੇ ਨਿੱਜੀ, ਭੇਦ ਭਰੇ
ਤੇ ਸੰਵੇਦਨਾਤਮਕ ਪਲਾਂ ਦੀਆਂ
ਤੇ ਸਾਂਝੀਆਂ ਵੀ ਕਰਦਾ ਰਹਿੰਦਾ
ਮੇਰੇ ਨਾਲ ਇਕਾਂਤ ਵਿਚ ਸਦਾ...

ਤੇਰੀ ਸਥਿਰਤਾ ’ਚੋਂ ਹੀ ਉੱਭਰਦੀ ਰਹੀ ਸਦਾ
ਗਤੀਸ਼ੀਲਤਾ ਦੀ ਉਹ ਪਿਆਸ
ਜੋ ਚੇਤਨਾ ਨੂੰ ਬਾਰ ਬਾਰ ਦੇਂਦੀ
ਸਫ਼ਰ ਬੋਧ ਦਾ ਨਿਵੇਕਲਾ ਅਹਿਸਾਸ
ਜਿਸ ਦੀ ਪਿਆਸ ਨੂੰ ਬੁਝਾਉਣ ਲਈ ਕੋਈ
ਸੋਚ ਦੇ ਨਵੇਂ ਸੰਦ ਘੜਦਾ
ਤੇ ਉਨ੍ਹਾਂ ਦੀ ਵਰਤੋਂ ਨਾਲ
ਨਵੇਂ ਰਸਤੇ ਉਸਾਰਦਾ

ਤੇਰੀ ਗੋਦ ਵਿਚ ਹੀ ਸਿੱਖੀ ਜ਼ਿੰਦਗੀ
ਸਮੇਂ ਦੇ ਚੁੰਨਟਾਂ ’ਚੋਂ ਨਵੇਂ ਰੰਗਾਂ ਨਾਲ
ਨਵੇਂ ਸ਼ੇਡ ਸਿਰਜ ਕੇ ਵਾਹੁੰਦੇ ਰਹਿਣਾ
ਨਵੇਂ ਰੂਪ ਆਕਾਰ, ਕਾਰੋਬਾਰਾਂ ਦੇ ਕੈਨਵਸ ’ਤੇ

ਖਿੱਚ ਪਾਉਂਦਾ ਹੈਂ ਮੈਨੂੰ...ਹਮੇਸ਼ਾ ਵਾਂਗ
ਅਜੇ ਵੀ ਹੈਂ
ਮੇਰੇ ਵਿਸ਼ਵਾਸ ਦਾ ਉਹ ਮੰਦਰ
ਹਰੇਕ ਲੱਭਤ, ਹਰੇਕ ਜਿੱਤ

ਹਰੇਕ ਖ਼ੁਸ਼ੀ
ਜਿਸ ਨੂੰ ਦੱਸਣ ਦੌੜਦੀ ਹਾਂ

ਜਿਥੇ ਹਰ ਭਟਕਣ, ਹਰ ਹਾਰ
ਤੇ ਹਰੇਕ ਜ਼ਖ਼ਮ ਨੂੰ ਲੈ ਕੇ
ਮੁੜਦੀ ਹਾਂ...ਆਸਰੇ ਲਈ...
ਤੇ ਹੋਰ ਵੀ ਕਈ ਕੁਝ...ਜੋ
ਅੱਖਾਂ ਤੋਂ, ਮਨ ਤੋਂ, ਸੋਚ ਤੋਂ ਪਰੋਖਾ ਹੈ
ਉਸ ਸਭ ਕੁਝ ਲਈ...
ਤੇਰਾ ਸ਼ੁਕਰੀਆ ਮੇਰੇ ਘਰ...!
•